hamdardtvcanada | @hamdardmediagroup | ads@hamdardtv.ca
24 ਘੰਟੇ 7 ਦਿਨ ਹਮਦਰਦ ਟੀ.ਵੀ. ਵੇਖਣ ਲਈ www hamdardmediagroup.com ਤੇ ਵਿਜ਼ਿਟ ਕਰੋ

Daily Hamdard

Estd.1991

# ਹਮਦਰਦ

28 April, 2025

(Vancouver Edition)

HAMDARD PUNJABI NEWSPAPER: 2-1332 Khalsa Drive, Mississauga, ON L5S 0A2, Canada

www.hamdardmediagroup.com | Email: ads@hamdardtv.ca | Ph: 905.791.9999

# Canada ਵੈਨਕੂਵਰ ’ਚ ਮੇਲਾ ਮਨਾਉਂਦੀ ਭੀੜ ਨੂੰ ਵਾਹਨ ਨੇ ਕੁਚਲਿਆ, 9 ਮੌਤਾਂ ਤੇ ਦਰਜਨਾਂ ਜ਼ਖ਼ਮੀ

## ਰਾਤ ਅੱਠ ਵਜੇ ਤੋਂ ਬਾਅਦ ਵਾਪਰੀ ਘਟਨਾ; ਵਾਹਨ ਦਾ ਡਰਾਈਵਰ ਮੌਕੇ ਤੋਂ ਗ੍ਰਿਫ਼ਤਾਰ; ਰਾਜਸੀ ਨੇਤਾਵਾਂ ਵਲੋਂ ਦੁੱਖ ਦਾ ਪ੍ਰਗਟਾਵਾ

ਵੈਨਕੂਵਰ, 27 ਅਪਰੈਲ

ਇਥੇ ਵੱਸਦੇ ਫਿਲੀਪੀਨੇ ਭਾਈਚਾਰੇ ਵਲੋਂ ਅੱਜ ਮਨਾਏ ਜਾ ਰਹੇ ਰਵਾਇਤੀ ਮੇਲੇ ਮੌਕੇ ਇਕੱਤਰ ਸੈਂਕੜੇ ਲੋਕਾਂ ਦੀ ਭੀੜ ਨੂੰ ਇੱਕ ਵਾਹਨ ਨੇ ਟੱਕਰ ਮਾਰੀ ਤੇ ਦੂਰ ਤੱਕ ਕੁਚਲਦਾ ਗਿਆ। ਇਸ ਹਾਦਸੇ ਵਿਚ 9 ਲੋਕਾਂ ਦੀ ਮੌਤ ਹੋ ਗਈ ਤੇ ਦਰਜਨਾਂ ਜ਼ਖ਼ਮੀ ਦੱਸੇ ਜਾਂਦੇ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ, ਬ੍ਰਿਟਿਸ਼ ਕੋਲੰਬੀਆ ਦੇ ਮੁੱਖ ਮੰਤਰੀ ਡੇਵਿਡ ਐਬੀ ਅਤੇ ਸ਼ਹਿਰ ਦੇ ਮੇਅਰ ਕੈਨ ਸਿਮ ਨੇ ਇਸ ਮੰਦਭਾਗੀ ਘਟਨਾ ’ਤੇ ਦੁੱਖ ਪ੍ਰਗਟ ਕੀਤਾ ਹੈ। ਘਟਨਾ ਤੋਂ ਬਾਅਦ ਪੁਲੀਸ ਤੇ ਬਚਾਅ ਦਲ ਨੇ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਇਆ। ਦੱਸਿਆ ਗਿਆ ਹੈ ਕਿ ਘਟਨਾ ਤੋਂ ਦੋ ਘੰਟੇ ਬਾਅਦ ਤੱਕ ਵੀ ਸਾਰੇ ਜ਼ਖ਼ਮੀਆਂ ਨੂੰ ਹਸਪਤਾਲ ਨਹੀਂ ਸੀ ਪਹੁੰਚਾਇਆ ਜਾ ਸਕਿਆ ਤੇ ਨਾ ਹੀ ਮਾਰੇ ਗਏ ਲੋਕਾਂ ਦੀ ਗਿਣਤੀ ਹੋ ਸਕੀ ਸੀ।



ਘਟਨਾ ਰਾਤ 8 ਵਜੇ ਵੈਨਕੂਵਰ ਦੇ ਪੂਰਬੀ-ਦੱਖਣੀ ਖੇਤਰ ਦੀ ਫਰੇਜ਼ਰ ਸਟਰੀਟ ਅਤੇ 41 ਐਵੇਨਿਊ ਕੋਲ ਵਾਪਰੀ। ਫਿਲਪੀਨੇ ਭਾਈਚਾਰੇ ਦੇ ਲੋਕਾਂ ਵਿੱਚ ਉਨ੍ਹਾਂ ਦੀ ਭਾਸ਼ਾ ’ਚ ਇਸ ਤਿਓਹਾਰ ਨੂੰ ਲਾਪੂ ਲਾਪੂ ਦਿਨ ਵਜੋਂ ਜਾਣਿਆ ਜਾਂਦਾ। ਸੱਭਿਅਤਾ ਨਾਲ ਜੁੜਿਆ ਇਹ ਤਿਉਹਾਰ ਕਾਫੀ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ ਤੇ ਲੋਕ ਵੱਡੀ ਗਿਣਤੀ ਵਿੱਚ ਸ਼ਾਮਲ ਹੁੰਦੇ ਹਨ।

ਘਟਨਾ ਤੋਂ ਬਾਅਦ ਪੁਲੀਸ ਨੇ ਵਾਹਨ ਦੇ ਡਰਾਈਵਰ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਚਸ਼ਮਦੀਦਾਂ ਅਨੁਸਾਰ ਦੁਖਦਾਈ ਘਟਨਾ ਇੱਕ ਫੂਡ ਟਰੱਕ ਕੋਲ ਵਾਪਰੀ ਜਿੱਥੇ ਵੱਡੀ ਗਿਣਤੀ ਵਿੱਚ ਲੋਕ ਕਤਾਰਾਂ ਬੰਨ੍ਹ ਕੇ ਖਾਣ ਪੀਣ ਦਾ ਸਮਾਨ ਲੈਣ ਲਈ ਖੜ੍ਹੇ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਸੜਕ ’ਤੇ ਦੂਰ ਤੱਕ ਡਿੱਗੇ ਹੋਏ ਲੋਕ ਵੇਖੇ ਗਏ, ਜਿਨ੍ਹਾਂ ’ਚੋਂ ਕੁਝ ਜ਼ਖ਼ਮੀ ਤੇ ਕੁਝ ਦੀ ਮੌਤ ਹੋ ਚੁੱਕੀ ਸੀ।

ਐਨਡੀਪੀ ਪਾਰਟੀ ਪ੍ਰਧਾਨ ਜਗਮੀਤ ਸਿੰਘ ਮੇਲੇ ਵਿਚ ਕਾਫੀ ਦੇਰ ਤੱਕ ਸ਼ਾਮਲ ਰਹੇ ਤੇ ਘਟਨਾ ਤੋਂ ਥੋੜ੍ਹੀ ਦੇਰ ਪਹਿਲਾਂ ਹੀ ਉੱਥੋਂ ਗਏ ਸਨ। ਉਨ੍ਹਾਂ ਕਿਹਾ ਕਿ ਘਟਨਾ ਬਾਰੇ ਸੁਣ ਕੇ ਉਹ ਸੁੰਨ ਹੋ ਗਏ।

ਜਾਣਕਾਰੀ ਅਨੁਸਾਰ 43 ਐਵੇਨਿਊ ਵਲੋਂ ਆਏ ਵਾਹਨ ਨੇ ਤੇਜ਼ੀ ਨਾਲ ਮੇਲੇ ਦੀ ਭੀੜ ਵਾਲੇ ਪਾਸੇ ਮੋੜ ਕੱਟਿਆ ਤੇ ਤੇਜ਼ ਰਫਤਾਰ ਨਾਲ ਲੋਕਾਂ ਨੂੰ ਕੁਚਲਦਾ ਹੋਇਆ ਦੂਰ ਤੱਕ ਚਲਦਾ ਗਿਆ। ਮਗਰੋਂ ਪੁਲੀਸ ਵੱਲੋਂ ਕਾਬੂ ਕੀਤੇ ਜਾਣ ਮੌਕੇ ਡਰਾਈਵਰ ਵਾਰ ਵਾਰ ਮੁਆਫ਼ੀ ਮੰਗਦਾ ਰਿਹਾ ਤੇ ਉਸ ਦਾ ਵਤੀਰਾ ਕਿਸੇ ਮਾਨਸਿਕ ਰੋਗੀ ਵਰਗਾ ਨਜ਼ਰ ਆਉਂਦਾ ਸੀ। ਫੂਡ ਟਰੱਕ ਦੇ ਮਾਲਕ ਵਰਦੇਹ ਨੇ ਕਿਹਾ ਕਿ ਉਸ ਦੇ ਕੰਨਾਂ ਵਿੱਚ ਤੇਜ਼ ਰਫਤਾਰ ਟਰੱਕ ਦੇ ਇੰਜਣ ਦੀ ਆਵਾਜ਼ ਅਜੇ ਵੀ ਗੂੰਜ ਰਹੀ ਹੈ। ਆਸ ਪਾਸ ਦੇ ਲੋਕਾਂ ਨੇ ਖਦਸ਼ਾ ਪ੍ਰਗਟਾਇਆ ਕਿ ਜਿਵੇਂ ਇਸ ਪੂਰੀ ਘਟਨਾ ਨੂੰ ਜਾਣਬੁੱਝ ਕੇ ਅੰਜਾਮ ਦਿੱਤਾ ਗਿਆ ਹੈ।

ਵੈਨਕੂਵਰ ਪੁਲੀਸ ਦੇ ਕਾਰਜਕਾਰੀ ਮੁਖੀ ਸਟੀਵ ਰਾਏ ਨੇ ਦੱਸਿਆ ਹੈ ਕਿ ਦੁਰਘਟਨਾ ਵਿੱਚ 9 ਲੋਕਾਂ ਦੀ ਮੌਤ ਹੋਈ ਹੈ ਤੇ ਇਸ ਤੋਂ ਕਈ ਗੁਣਾਂ ਵੱਧ ਜ਼ਖ਼ਮੀ ਹਨ। ਉਨ੍ਹਾਂ ਮੁਲਜ਼ਮ ਡਰਾਈਵਰ ਬਾਰੇ ਸਿਰਫ਼ ਇੰਨਾ ਹੀ ਦੱਸਿਆ ਹੈ ਕਿ ਵੈਨਕੂਵਰ ਦੇ ਰਹਿਣ ਵਾਲੇ 30 ਸਾਲਾ ਵਿਅਕਤੀ ਦਾ ਕੋਈ ਵੱਡਾ ਅਪਰਾਧਕ ਰਿਕਾਰਡ ਤਾਂ ਨਹੀਂ ਹੈ, ਪਰ ਉਸ ਦੀਆਂ ਕੁਝ ਗਲਤੀਆਂ ਕਾਰਨ ਪੁਲੀਸ ਕੋਲ ਉਸ ਦੀ ਜਾਣਕਾਰੀ ਪਹਿਲਾਂ ਤੋਂ ਮੌਜੂਦ ਹੈ। ਸਟੀਵ ਰਾਏ ਹਾਲਾਂਕਿ ਪੱਤਰਕਾਰਾਂ ਦੇ ਸਵਾਲਾਂ ਤੋਂ ਬਚਦੇ ਨਜ਼ਰ ਆਏ। ਟੋਰੀ ਪਾਰਟੀ ਦੇ ਆਗੂ ਪੀਅਰ ਪੋਲਿਵਰ ਨੇ ਘਟਨਾ ਉੱਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਫਿਲਪੀਨੋ ਭਾਈਚਾਰੇ ਨੂੰ ਹਰੇਕ ਮਦਦ ਦਾ ਭਰੋਸਾ ਦਿਵਾਇਆ ਹੈ। ਕੋਸਟ ਵੈਨਕੂਵਰ ਹੈਲਥ ਅਥਾਰਿਟੀ ਵਲੋਂ ਹਸਪਤਾਲ ਦਾਖਲ ਹੋਏ ਜ਼ਖ਼ਮੀਆਂ ਦੀ ਗਿਣਤੀ ਦੱਸਣ ਤੋਂ ਟਾਲਾ ਵੱਟਿਆ ਗਿਆ। ਕੁਝ ਲੋਕਾਂ ਨੇ ਕਿਹਾ ਕਿ ਫੜੇ ਜਾਣ ਤੋਂ ਬਾਅਦ ਦੋਸ਼ੀ ਪਾਗਲਾਂ ਵਰਗੀਆਂ ਹਰਕਤਾਂ ਕਰਦਾ ਸੀ, ਪਰ ਪੁਲੀਸ ਮੁਖੀ ਨੇ ਕਿਹਾ ਕਿ ਉਨ੍ਹਾਂ ਦੇ ਰਿਕਾਰਡ ਵਿੱਚ ਦੋਸ਼ੀ ਦੇ ਨਾਂਅ ਹੇਠ ਉਸ ਦੀ ਇਸ ਹਾਲਤ ਬਾਰੇ ਕੁਝ ਵੀ ਦਰਜ ਨਹੀਂ ਹੈ।

ਲਾਪੂ ਲਾਪੂ ਫਿਲਪੀਨਜ਼ ਦਾ ਜਬਰ ਵਿਰੋਧੀ ਆਗੂ ਸੀ, ਜਿਸ ਨੇ 27 ਅਪਰੈਲ 1521 ਨੂੰ ਫਰਾਂਸ ਦੇ ਬਸਤੀਵਾਦੀ ਰਾਜ ਦੀ ਵਿਰੋਧਤਾ ਲੜਾਈ ਵਿੱਚ ਜਿੱਤ ਹਾਸਲ ਕਰਕੇ ਫਿਲਪੀਨਾਂ ਨੂੰ ਅਜ਼ਾਦੀ ਦਿਵਾਈ ਸੀ ਤੇ ਉਦੋਂ ਤੋਂ ਉਸ ਦੀ ਯਾਦ ਵਿੱਚ ਇਹ ਦਿਨ ਮਨਾਇਆ ਜਾਂਦਾ ਹੈ।

ਫੈਡਰਲ ਇਲੈਕਸ਼ਨ / ਸੋਮਵਾਰ, 28 ਅਪ੍ਰੈਲ

#ItsOurVote

## ਕੀ ਤੁਸੀਂ ਵੋਟ ਪਾਉਣ ਦੀ ਯੋਜਨਾ ਬਣਾ ਰਹੇ ਹੋ?

### ਤੁਸੀਂ ਆਪਣੇ ਨਿਰਧਾਰਿਤ ਪੋਲਿੰਗ ਸਟੇਸ਼ਨ ਤੇ ਇਲੈਕਸ਼ਨ ਵਾਲੇ ਦਿਨ ਰਜਿਸਟਰ ਕਰ ਸਕਦੇ ਹੋ ਅਤੇ ਵੋਟ ਪਾ ਸਕਦੇ ਹੋ, ਜੇ:



- ਤੁਸੀਂ ਕੈਨੇਡੀਅਨ ਨਾਗਰਿਕ ਹੋ
- ਤੁਹਾਡੀ ਉਮਰ ਘੱਟੋ-ਘੱਟ 18 ਸਾਲ ਹੈ
- ਆਪਣੀ ਪਛਾਣ ਅਤੇ ਪਤਾ ਦਾ ਸਬੂਤ ਦਿਓ

ਇਹ ਜਾਣਨ ਲਈ ਕਿ ਕਿੱਥੇ ਅਤੇ ਕਦੋਂ ਵੋਟ ਪਾ ਸਕਦੇ ਹੋ, ਆਪਣੇ ਵੋਟਰ ਜਾਣਕਾਰੀ ਕਾਰਡ ਦੀ ਜਾਂਚ ਕਰੋ ਜਾਂ elections.ca 'ਤੇ ਜਾਓ।

It's Our Vote

ਵੋਟਿੰਗ ਬਾਰੇ ਲੋੜੀਂਦੀ ਅਧਿਕਾਰਿਤ ਜਾਣਕਾਰੀ ਵਾਸਤੇ, elections.ca 'ਤੇ ਜਾਓ।

1-800-463-6868 / elections.ca / TTY 1-800-361-8935

Elections Canada

# ਕੈਨੇਡਾ ਤੋਂ ਭਗੌੜਾ ਪੰਜਾਬੀ ਫੜਨ ਲਈ ਪੁਲਿਸ ਨੇ ਮੰਗੀ ਮਦਦ

## 3 ਜੂਨ ਤੋਂ ਬਾਅਦ ਖਤਮ ਹੋ ਜਾਵੇਗਾ 50 ਹਜ਼ਾਰ ਡਾਲਰ ਦਾ ਇਨਾਮ, ਟੋਰਾਂਟੋ ਪੁਲਿਸ 3 ਚੋਰਨੀਆਂ ਦੀ ਭਾਲ ਵਿਚ ਜੁਟੀ




ਬਰੈਂਪਟਨ, 26 ਅਪ੍ਰੈਲ (ਵਿਸ਼ੇਸ਼ ਪ੍ਰਤੀਨਿਧ) : ਮਿਸੀਸਾਗਾ ਦੇ ਗੈਸ ਸਟੇਸ਼ਨ 'ਤੇ ਪੰਜਾਬਣ ਮੁਟਿਆਰ ਦਾ ਕਤਲ ਕਰ ਕੇ ਫਰਾਰ ਹੋਇਆ ਧਰਮ ਸਿੰਘ ਧਾਲੀਵਾਲ ਹੁਣ ਤੱਕ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ ਹੈ ਅਤੇ ਪੀਲ ਰੀਜਨਲ ਪੁਲਿਸ ਨੇ ਕਿਹਾ ਹੈ ਕਿ 3 ਜੂਨ ਤੱਕ ਸ਼ੱਕੀ ਨੂੰ ਇਨਸਾਫ਼ ਦੇ ਕਟਹਿਰੇ ਵਿਚ ਨਾ ਲਿਆਂਦਾ ਗਿਆ ਤਾਂ ਉਸ ਦੇ ਸਿਰ 'ਤੇ ਰੱਖਿਆ 50 ਹਜ਼ਾਰ ਡਾਲਰ ਦਾ ਇਨਾਮ ਖਤਮ ਹੋ ਜਾਵੇਗਾ। ਕੈਨੇਡਾ ਦੇ ਚੋਟੀ ਦੇ 25 ਭਗੌੜਿਆਂ ਦੀ ਸੂਚੀ ਵਿਚ ਧਰਮ ਸਿੰਘ ਧਾਲੀਵਾਲ ਦਾ ਨਾਂ ਸ਼ਾਮਲ ਹੈ ਜੋ 3 ਦਸੰਬਰ 2022 ਦੀ ਵਾਰਦਾਤ ਤੋਂ ਬਾਅਦ ਮੁੜ ਨਜ਼ਰ ਨਹੀਂ ਆਇਆ। ਇਥੇ ਦਸਣਾ ਬਣਦਾ ਹੈ ਕਿ ਮਿਸੀਸਾਗਾ ਦੇ ਬ੍ਰਿਟੈਨੀਆ ਰੋਡ ਵੈਸਟ ਅਤੇ ਕ੍ਰੈਡਿਟਵਿਊ ਰੋਡ 'ਤੇ ਸਥਿਤ ਪੈਟਰੋ-ਕੈਨੇਡਾ ਗੈਸ ਸਟੇਸ਼ਨ 'ਤੇ ਕੰਮ ਕਰਦੀ 21 ਸਾਲ ਦੀ ਪਵਨਪ੍ਰੀਤ ਕੌਰ ਦਾ ਗੋਲੀਆਂ ਮਾਰ ਕੇ ਕਤਲ ਕਰ ਦਿਤਾ ਗਿਆ ਅਤੇ ਪੁਲਿਸ ਤੋਂ ਬਚਣ ਲਈ ਧਾਲੀਵਾਲ ਨੇ ਖ਼ੁਦਕੁਸ਼ੀ ਦਾ ਕਥਿਤ ਡਰਾਮਾ ਵੀ ਕੀਤਾ। ਪੀਲ ਰੀਜਨਲ ਪੁਲਿਸ ਹੁਣ ਤੱਕ ਇਸ ਮਾਮਲੇ ਵਿਚ ਪ੍ਰਿਤਪਾਲ ਧਾਲੀਵਾਲ ਅਤੇ ਅਮਰਜੀਤ ਧਾਲੀਵਾਲ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ ਜਿਨ੍ਹਾਂ ਵਿਰੁੱਧ ਕਤਲ ਵਿਚ ਸਹਾਇਕ ਹੋਣ ਦੇ ਦੋਸ਼ ਲੱਗੇ। ਧਰਮ ਧਾਲੀਵਾਲ ਦਾ ਹੁਲੀਆ ਜਾਰੀ ਕਰਦਿਆਂ ਪੁਲਿਸ ਨੇ ਕਿਹਾ ਕਿ ਉਸ ਦਾ ਕੱਦ ਪੰਜ ਫੁੱਟ 7 ਇੰਚ ਅਤੇ ਵਾਲ ਕਾਲੇ ਹਨ। ਸ਼ੱਕੀ ਦੀਆਂ ਅੱਖਾਂ ਭੂਰੀਆਂ ਅਤੇ ਖੱਬੇ ਹੱਥ 'ਤੇ ਟੈਟੂ ਬਣਿਆ ਹੋਇਆ ਹੈ। ਪੁਲਿਸ ਮੁਤਾਬਕ ਉਸ ਨੇ ਦਾੜ੍ਹੀ ਵੀ ਰੱਖੀ ਹੋ ਸਕਦੀ ਹੈ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਨੂੰ ਧਰਮ ਧਾਲੀਵਾਲ ਨਜ਼ਰ ਆਉਂਦਾ ਹੈ ਤਾਂ ਉਸ ਨੂੰ ਆਪਣੇ ਤੌਰ 'ਤੇ ਫੜਨ ਦਾ ਯਤਨ ਨਾ ਕੀਤਾ ਜਾਵੇ ਕਿਉਂਕਿ ਉਹ ਹਥਿਆਰਬੰਦ ਅਤੇ ਖਤਰਨਾਕ ਹੋ ਸਕਦਾ ਹੈ। ਦੂਜੇ ਪਾਸੇ ਟੋਰਾਂਟੋ ਪੁਲਿਸ ਤਿੰਨ ਔਰਤਾਂ ਦੀ ਭਾਲ ਕਰ ਰਹੀ ਹੈ ਜਿਨ੍ਹਾਂ ਨੇ ਸਕਾਰਬ੍ਰੋਅ ਦੇ ਪੰਜ ਸਟੋਰਾਂ ਵਿਚ ਹੈਰਾਨਕੁੰਨ ਤਰੀਕੇ ਨਾਲ ਲੋਕਾਂ ਨੂੰ ਲੁੱਟਿਆ। ਪੁਲਿਸ ਮੁਤਾਬਕ ਇਹ ਔਰਤਾਂ ਸਟੋਰ ਵਿਚ ਜਾਂਦੀਆਂ ਅਤੇ ਪੀੜਤਾਂ ਨੂੰ ਵਰਗਲਾਉਣ ਦੇ ਯਤਨ ਕਰਦੀਆਂ। ਜਿਉਂ ਹੀ ਪੀੜਤਾਂ ਦਾ ਧਿਆਨ ਭਟਕਦਾ, ਉਨ੍ਹਾਂ ਦੀ ਨਕਦੀ ਲੈ ਕੇ ਫਰਾਰ ਹੋ ਜਾਂਦੀਆਂ। ਜੂਨ 2024 ਤੋਂ ਅਪ੍ਰੈਲ 2025 ਦਰਮਿਆਨ ਇਨ੍ਹਾਂ ਔਰਤਾਂ ਨੇ ਪੰਜ ਵਾਰਦਾਤਾਂ ਕੀਤੀਆਂ ਅਤੇ ਨਿਸ਼ਾਨਾ ਬਣਨ ਵਾਲੇ ਸਟੋਰ ਦੇ ਮੁਲਾਜ਼ਮ ਜਾਂ ਮਾਲਕ ਸਨ। ਟੋਰਾਂਟੋ ਪੁਲਿਸ ਨੇ ਪੜਤਾਲ ਦੌਰਾਨ ਦੇਖਿਆ ਕਿ ਇਹ ਔਰਤਾਂ ਹਰ ਵਾਰ ਇਕ ਗੂੜ੍ਹੇ ਰੰਗ ਦੀ ਔਡੀ ਜਾਂ ਐਸ.ਯੂ.ਵੀ. ਰਾਹੀਂ ਫਰਾਰ ਹੋਈਆਂ। ਤਾਜ਼ਾ ਵਾਰਦਾਤ 22 ਅਪ੍ਰੈਲ ਨੂੰ ਡੈਨਫਰਥ ਰੋਡ ਅਤੇ ਡੈਨਫਰਥ ਐਵੇਨਿਊ ਨੇੜੇ ਸਾਹਮਣੇ ਆਈ। ਇਸ ਤੋਂ ਪਹਿਲਾਂ 19 ਅਪ੍ਰੈਲ ਨੂੰ ਮਿਡਵੈਸਟ ਰੋਡ ਅਤੇ ਮਿਡਲੈਂਡ ਐਵੇਨਿਊ ਏਰੀਆ ਅਤੇ 13 ਮਾਰਚ ਨੂੰ ਡੈਨਫਰਥ ਰੋਡ ਅਤੇ ਮਿਡਲੈਂਡ ਐਵੇਨਿਊ ਇਲਾਕੇ ਵਿਚ ਵੀ ਮਾਮਲੇ ਸਾਹਮਣੇ ਆਏ। ਪਿਛਲੇ ਸਾਲ 19 ਜੂਨ ਅਤੇ 20 ਜੂਨ ਨੂੰ ਲਗਾਤਾਰ ਦੋ ਵਾਰਦਾਤਾਂ ਸੇਂਟ ਕਲੇਅਰ ਐਵੇਨਿਊ ਅਤੇ ਕਿੰਗਸਟਨ ਰੋਡ ਏਰੀਆ ਤੋਂ ਇਲਾਵਾ ਮਾਊਂਟਜ਼ੁਆਏ ਐਵੇਨਿਊ ਅਤੇ ਲੈਂਬ ਐਵੇਨਿਊ ਇਲਾਕੇ ਵਿਚ ਵਾਪਰੀਆਂ। ਫਿਲਹਾਲ ਪੁਲਿਸ ਵੱਲੋਂ ਸਪੱਸ਼ਟ ਨਹੀਂ ਕੀਤਾ ਗਿਆ ਕਿ ਪੰਜ ਵਾਰਦਾਤਾਂ ਦੌਰਾਨ ਕਿੰਨੀ ਰਕਮ ਚੋਰੀ ਹੋਈ। ਔਰਤਾਂ ਦਾ ਹੁਲੀਆ ਜਾਰੀ ਕਰਦਿਆਂ ਪੁਲਿਸ ਨੇ ਕਿਹਾ ਕਿ ਦੋ ਔਰਤਾਂ ਦਾ ਸਰੀਰ ਦਰਮਿਆਨਾ ਅਤੇ ਇਕ ਪਤਲੇ ਸਰੀਰ ਵਾਲੀ ਹੈ। ਜੇ ਕਿਸੇ ਕੋਲ ਵੀ ਇਨ੍ਹਾਂ ਔਰਤਾਂ ਬਾਰੇ ਕੋਈ ਜਾਣਕਾਰੀ ਹੋਵੇ ਤਾਂ 416 808 4100 'ਤੇ ਸੰਪਰਕ ਕੀਤਾ ਜਾਵੇ।

# ਟਰੰਪ ਵੱਲੋਂ ਸੈਂਕੜੇ ਵਿਦਿਆਰਥੀਆਂ ਦੇ ਵੀਜ਼ੇ ਬਹਾਲ

## 2 ਇੰਮੀਗ੍ਰੇਸ਼ਨ ਵਕੀਲਾਂ ਨੇ ਕੀਤਾ ਦਾਅਵਾ,ਆਈ. ਸੀ.ਈ.ਵੱਲੋਂ ਲਿਆਂਦੀ ਜਾ ਰਹੀ ਨਵੀਂ ਨੀਤੀ

ਵਾਸ਼ਿੰਗਟਨ, 26 ਅਪ੍ਰੈਲ (ਵਿਸ਼ੇਸ਼ ਪ੍ਰਤੀਨਿਧ) : ਇੰਮੀਗ੍ਰੇਸ਼ਨ ਦੇ ਮੁੱਦੇ 'ਤੇ ਇਕ ਵੱਡਾ ਫੈਸਲਾ ਲੈਂਦਿਆਂ ਟਰੰਪ ਸਰਕਾਰ ਵੱਲੋਂ ਸੈਂਕੜੇ ਕੌਮਾਂਤਰੀ ਵਿਦਿਆਰਥੀਆਂ ਦੇ ਸਟੱਡੀ ਵੀਜ਼ੇ ਬਹਾਲ ਕਰਨ ਦਾ ਐਲਾਨ ਕੀਤਾ ਗਿਆ ਹੈ ਜੋ ਪਿਛਲੇ ਸਮੇਂ ਦੌਰਾਨ ਵੱਖ-ਵੱਖ ਕਾਰਨਾਂ ਕਰ ਕੇ ਰੱਦ ਕਰ ਦਿਤੇ ਗਏ। ਵੀਜ਼ੇ ਰੱਦ ਹੋਣ ਮਗਰੋਂ ਵਿਦਿਆਰਥੀਆਂ ਨੇ ਅਮਰੀਕਾ ਦੀਆਂ ਅਦਾਲਤਾਂ ਵਿਚ ਮੁਕੱਦਮੇ ਦਾਇਰ ਕਰ ਦਿਤੇ ਅਤੇ ਇਨ੍ਹਾਂ ਦੀ ਸੁਣਵਾਈ ਦੌਰਾਨ ਹੀ ਚੰਗੀ ਖਬਰ ਸੁਣਨ ਨੂੰ ਮਿਲੀ। ਕੈਲੇਫੋਰਨੀਆ ਦੇ ਓਕਲੈਂਡ ਦੀ ਫੈਡਰਲ ਅਦਾਲਤ ਵਿਚ ਦਾਇਰ ਮੁਕੱਦਮੇ ਦੀ ਸੁਣਵਾਈ ਮੌਕੇ ਸਹਾਇਕ ਅਟਾਰਨੀ ਐਲਿਜ਼ਾਬੈਥ ਕਰਲਨ ਨੇ ਬਿਆਨ ਦਰਜ ਕਰਵਾਉਂਦਿਆਂ ਕਿਹਾ ਕਿ ਪਿਛਲੇ ਕੁਝ ਹਫ਼ਤਿਆਂ ਦੌਰਾਨ ਰੱਦ ਕੀਤੇ ਸਟੱਡੀ ਵੀਜ਼ੇ ਆਈਸ ਵੱਲੋਂ ਬਹਾਲ ਕੀਤੇ ਜਾ ਰਹੇ ਹਨ। ਬਿਲਕੁਲ ਇਸੇ ਕਿਸਮ ਦਾ ਬਿਆਨ ਵਾਸ਼ਿੰਗਟਨ ਦੀ ਅਦਾਲਤ ਵਿਚ ਸਾਹਮਣੇ ਆਇਆ। ਕੌਮਾਂਤਰੀ ਵਿਦਿਆਰਥੀਆਂ ਦਾ ਮੁਕੱਦਮਾ ਲੜ ਰਹੇ ਵਕੀਲ ਬਰਾਇਨ ਗਰੀਨ ਵੱਲੋਂ ਸਰਕਾਰੀ ਬਿਆਨ ਮੀਡੀਆ ਸਾਹਮਣੇ ਪੇਸ਼ ਕੀਤਾ ਗਿਆ ਜਿਸ ਵਿਚ ਲਿਖਿਆ ਹੈ ਕਿ ਇੰਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ ਵੱਲੋਂ ਇਕ ਨਵੀਂ ਨੀਤੀ ਤਿਆਰ ਕੀਤੀ ਜਾ ਰਹੀ ਹੈ ਅਤੇ ਉਦੋਂ ਤੱਕ ਸਟੂਡੈਂਟ ਐਂਡ ਐਕਸਚੇਂਜ ਵਿਜ਼ਟਰ ਇਨਫਰਮੇਸ਼ਨ ਸਿਸਟਮ ਦਾ ਰਿਕਾਰਡ ਐਕਟਿਵ ਰਹੇਗਾ ਜਾਂ ਇਸ ਨੂੰ ਰੀਐਕਟੀਵੇਟ ਕਰ ਦਿਤਾ ਜਾਵੇਗਾ। ਦੱਸ ਦੇਈਏ ਕਿ ਸਟੂਡੈਂਟ ਐਂਡ ਐਕਸਚੇਂਜ ਵਿਜ਼ਟਰ ਇਨਫਰਮੇਸ਼ਨ ਸਿਸਟਮ ਤਹਿਤ ਹੀ ਕੌਮਾਂਤਰੀ ਵਿਦਿਆਰਥੀਆਂ ਦੇ ਵੀਜ਼ਾ ਸਟੇਟਸ ਟਰੈਕ ਕੀਤੇ ਜਾਂਦੇ ਹਨ। 1,300 ਤੋਂ ਵੱਧ ਕੌਮਾਂਤਰੀ ਵਿਦਿਆਰਥੀਆਂ ਦੇ ਵੀਜ਼ੇ




ਅਚਨਚੇਤ ਰੱਦ ਹੋਣ ਮਗਰੋਂ ਕੁਝ ਸੈਲਫ ਡਿਪੋਰਟ ਹੋ ਗਏ ਜਦਕਿ ਕੁਝ ਨੇ ਕਲਾਸਾਂ ਵਿਚ ਜਾਣਾ ਹੀ ਬੰਦ ਕਰ ਦਿਤਾ ਪਰ ਵੱਡੀ ਗਿਣਤੀ ਵਿਚ ਵਿਦਿਆਰਥੀਆਂ ਨੇ ਅਦਾਲਤ ਦਾ ਦਰਵਾਜ਼ਾ ਖੜਕਾਉਣ ਦਾ ਫੈਸਲਾ ਲਿਆ। ਦੂਜੇ ਪਾਸੇ ਹੋਮਲੈਂਡ ਸਕਿਉਰਿਟੀ ਵਿਭਾਗ ਦੀ ਸਹਾਇਕ ਮੰਤਰੀ ਟ੍ਰਿਸ਼ੀਆ ਮੈਕਲਾਫਲਿਨ ਨੇ ਕਿਹਾ ਕਿ ਆਈਸ ਵੱਲੋਂ ਰੱਦ ਵੀਜ਼ਿਆਂ ਬਾਰੇ ਨੀਤੀ ਵਿਚ ਕੋਈ ਤਬਦੀਲੀ ਨਹੀਂ ਕੀਤੀ ਗਈ। ਅਮੈਰਿਕਨ ਇੰਮੀਗ੍ਰੇਸ਼ਨ ਲਾਅਇਰਜ਼ ਐਸੋਸੀਏਸ਼ਨ ਦੇ ਗ੍ਰੈਗ ਚੈਨ ਦਾ ਕਹਿਣਾ ਹੈ ਕਿ ਗੈਰਯਕੀਨੀ ਵਾਲਾ ਮਾਹੌਲ ਬਰਕਰਾਰ ਹੈ। ਫਿਲਹਾਲ ਸਪੱਸ਼ਟ ਹੋਣ ਬਾਕੀ ਹੈ ਕਿ ਸਿਰਫ ਉਨ੍ਹਾਂ ਵਿਦਿਆਰਥੀਆਂ ਨੂੰ ਰਾਹਤ ਦਿਤੀ ਜਾ ਰਹੀ ਹੈ ਜਿਨ੍ਹਾਂ ਦੇ ਵੀਜ਼ੇ ਗਲਤੀ ਨਾਲ ਰੱਦ ਹੋ ਗਏ ਜਾਂ ਸਭਨਾਂ ਨੂੰ ਰਾਹਤ ਦੇ ਘੇਰੇ ਵਿਚ ਲਿਆਂਦਾ ਜਾਵੇਗਾ। ਇਸੇ ਦੌਰਾਨ ਬਰਾਇਨ ਗਰੀਨ ਨੇ ਕਿਹਾ ਕਿ ਉਨ੍ਹਾਂ ਦਾ ਕੰਮ ਵਿਦਿਆਰਥੀਆਂ ਦਾ ਵੀਜ਼ਾ ਬਹਾਲ ਕਰਵਾਉਣਾ ਸੀ, ਜੋ ਆਈਸ ਦੇ ਬਿਆਨ ਮੁਤਾਬਕ ਹੋ ਚੁੱਕਾ ਹੈ ਪਰ ਓਕਲੈਂਡ ਦੇ ਵਕੀਲਾਂ ਨੇ ਕਿਹਾ ਕਿ ਉਹ ਅਦਾਲਤ ਤੋਂ ਕੌਮੀ ਪੱਧਰ ਦਾ ਹੁਕਮ ਚਾਹੁੰਦੇ ਹਨ ਜਿਸ ਰਾਹੀਂ ਵਿਦਿਆਰਥੀਆਂ ਨੂੰ ਹਿਰਾਸਤ ਵਿਚ ਲੈਣ 'ਤੇ ਰੋਕ ਲੱਗੇ ਅਤੇ ਕੰਮ ਕਰਨ ਦੀ ਖੁੱਲ੍ਹ ਮਿਲੇ। ਉਧਰ ਐਟਲਾਂਟਾ ਵਿਖੇ 133 ਵਿਦਿਆਰਥੀਆਂ ਦਾ ਮੁਕੱਦਮਾ ਲੜ ਰਹੇ ਚਾਰਲਸ ਕਕ ਨੇ ਕਿਹਾ ਕਿ ਆਈਸ ਦੀ ਨੀਤੀ ਵਿਚ ਆਇਆ ਬਦਲਾਅ ਉਨ੍ਹਾਂ ਵਿਦਿਆਰਥੀਆਂ ਦੀਆਂ ਔਕੜਾਂ ਖਤਮ ਨਹੀਂ ਕਰ ਸਕਦਾ ਜੋ ਪਿਛਲੇ ਸਮੇਂ ਦੌਰਾਨ ਬੁਰੀ ਤਰ੍ਹਾਂ ਘਿਰ ਗਏ। ਕਈ ਵਿਦਿਆਰਥੀਆਂ ਦੀ ਨੌਕਰੀ ਚਲੀ ਗਈ ਜਦਕਿ ਕਈਆਂ ਨੂੰ ਕਾਲਜ ਤੋਂ ਜਵਾਬ ਮਿਲ ਗਿਆ। ਅਜਿਹੇ ਵਿਦਿਆਰਥੀਆਂ ਕੋਈ ਕਮੀ ਨਹੀਂ ਜੋ ਕੋਰਸ ਦੇ ਆਖਰੀ ਸਮੈਸਟਰ ਵਿਚ ਆ ਕੇ ਡਿਗਰੀ ਤੋਂ ਵਾਂਝੇ ਰਹਿ ਗਏ। ਵਿਦਿਆਰਥੀਆਂ ਨਾਲ ਐਨਾ ਮਾੜਾ ਸਲੂਕ ਹੋਇਆ ਜੋ ਬਿਆਨ ਕਰਨਾ ਮੁਸ਼ਕਲ ਹੈ ਅਤੇ ਭਵਿੱਖ ਵਿਚ ਇੰਟਰਨੈਸ਼ਨਲ ਸਟੂਡੈਂਟ ਅਮਰੀਕਾ ਵੱਲ ਮੂੰਹ ਨਹੀਂ ਕਰਨਗੇ। ਇਸੇ ਦੌਰਾਨ ਇੰਮੀਗ੍ਰੇਸ਼ਨ ਦੇ ਜਾਣਕਾਰਾਂ ਦਾ ਮੰਨਣਾ ਹੈ ਕਿ ਸਰਕਾਰ ਦੀ ਸਖਤੀ ਦਾ ਸ਼ਿਕਾਰ ਬਣੇ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਹਜ਼ਾਰਾਂ ਵਿਚ ਹੋ ਸਕਦੀ ਹੈ ਅਤੇ ਅਸਲ ਅੰਕੜਾ ਆਉਣ ਵਾਲੇ ਦਿਨਾਂ ਵਿਚ ਸਾਹਮਣੇ ਆ ਜਾਵੇਗਾ।

# 2 ਸਾਲ ਦੀ ਮਾਸੂਮ ਨੂੰ ਟਰੰਪ ਨੇ ਕੀਤਾ ਡਿਪੋਰਟ

## ਜੱਜ ਨੇ ਸੁਣਾ ਦਿਤੀਆਂ ਖਰੀਆਂ-ਖਰੀਆਂ,ਯੂ. ਐਸ. ਸਿਟੀਜ਼ਨ ਵੀ ਸੁਰੱਖਿਅਤ ਨਹੀਂ ਰਹੇ



ਵਾਸ਼ਿੰਗਟਨ, 26 ਅਪ੍ਰੈਲ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਦੀ ਸਿਟੀਜ਼ਨ ਹੋਣ ਦੇ ਬਾਵਜੂਦ 2 ਸਾਲ ਦੀ ਮਾਸੂਮ ਬੱਚੀ ਨੂੰ ਡਿਪੋਰਟ ਕਰ ਦਿਤਾ ਗਿਆ ਅਤੇ ਲੂਈਜ਼ਿਆਨਾ ਦੇ ਫੈਡਰਲ ਜੱਜ, ਟਰੰਪ ਨੂੰ ਖਰੀਆਂ-ਖਰੀਆਂ ਸੁਣਾ ਰਹੇ ਹਨ। ਜ਼ਿਲ੍ਹਾ ਜੱਜ ਟੈਰੀ ਡਾਓਟੀ ਨੇ ਖਦਸ਼ਾ ਜ਼ਾਹਰ ਕੀਤਾ ਹੈ ਕਿ ਟਰੰਪ ਸਰਕਾਰ ਨੇ 2 ਸਾਲ ਦੀ ਬੱਚੀ ਨੂੰ ਡਿਪੋਰਟ ਕਰਦਿਆਂ ਉਸ ਦੇ ਸੰਵਿਧਾਨਕ ਹੱਕਾਂ ਨੂੰ ਛਿੱਕੇ ਟੰਗਿਆ ਅਤੇ ਕੋਈ ਅਰਥਪੂਰਨ ਪ੍ਰਕਿਰਿਆ ਨਹੀਂ ਅਪਣਾਈ ਗਈ। ਨਿਊ ਯਾਰਕ ਟਾਈਮਜ਼ ਦੀ ਰਿਪੋਰਟ ਮੁਤਾਬਕ ਬੀਤੇ ਮੰਗਲਵਾਰ ਨੂੰ ਦੋ ਸਾਲ ਦੀ ਬੱਚੀ, ਉਸ ਦੀ ਮਾਂ ਅਤੇ 11 ਸਾਲ ਦੀ ਭੈਣ ਨਿਊ ਓਰਲੀਨਜ਼ ਵਿਖੇ ਇੰਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ ਦੇ ਦਫ਼ਤਰ ਪੁੱਜੇ ਜਿਥੇ ਉਨ੍ਹਾਂ ਨੂੰ ਹਿਰਾਸਤ ਵਿਚ ਲੈਂਦਿਆਂ ਡਿਪੋਰਟ ਕੀਤੇ ਜਾ ਰਹੇ ਪ੍ਰਵਾਸੀਆਂ ਦੀ ਕਤਾਰ ਵਿਚ ਖੜ੍ਹਾ ਕਰ ਦਿਤਾ ਗਿਆ। ਬੱਚੀ ਦਾ ਪਿਤਾ ਅਮਰੀਕਾ ਵਿਚ ਮੌਜੂਦ ਹੈ ਜਿਸ ਵੱਲੋਂ ਤੁਰਤ ਕਸਟਡੀ ਹਾਸਲ ਕਰਨ ਲਈ ਐਮਰਜੰਸੀ ਪਟੀਸ਼ਨ ਦਾਖਲ ਕੀਤੀ ਗਈ। ਪਿਤਾ ਨੇ ਦਾਅਵਾ ਕੀਤਾ ਕਿ ਬੱਚੀ ਨੂੰ ਬਗੈਰ ਕਿਸੇ ਕਾਰਨ ਤੋਂ ਡਿਪੋਰਟ ਕੀਤਾ ਜਾ ਰਿਹਾ ਹੈ ਅਤੇ ਉਸ ਦੇ ਬੁਨਿਆਦੀ ਹੱਕਾਂ ਦੀ ਸਿੱਧੇ ਤੌਰ 'ਤੇ ਉਲੰਘਣਾ ਕੀਤੀ ਜਾ ਰਹੀ ਹੈ। ਸੁਣਵਾਈ ਦੌਰਾਨ ਵਕੀਲਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਮੁਵੱਕਲ ਨੂੰ ਬੱਚੀ ਦੀ ਮਾਂ ਨਾਲ ਗੱਲ ਕਰਨ ਦੀ ਇਜਾਜ਼ਤ ਵੀ ਨਹੀਂ ਸੀ ਦਿਤੀ ਜਾ ਰਹੀ ਪਰ ਬਾਅਦ ਵਿਚ ਸਿਰਫ਼ ਇਕ ਮਿੰਟ ਮੁਲਾਕਾਤ ਦੀ ਛੋਟ ਦਿਤੀ ਗਈ। ਇਕ ਮਿੰਟ ਵਿਚ ਬੱਚੀ ਦੇ ਮਾਪੇ ਕਿੰਨੀ ਗੱਲ ਕਰ ਸਕਦੇ ਸਨ। ਉਧਰ ਅਮਰੀਕਾ ਸਰਕਾਰ ਦੇ ਵਕੀਲਾਂ ਨੇ ਅਦਾਲਤ ਨੂੰ ਦੱਸਿਆ ਕਿ ਮਾਂ ਆਪਣੀ ਬੱਚੀ ਨੂੰ ਨਾਲ ਲਿਜਾਣਾ ਚਾਹੁੰਦੀ ਸੀ। ਵਕੀਲਾਂ ਨੇ ਆਪਣੇ ਇਸ ਦਾਅਵੇ ਦੀ ਹਮਾਇਤ ਵਿਚ ਮਾਂ ਵੱਲੋਂ ਲਿਖਿਆ ਇਕ ਪੱਤਰ ਅਦਾਲਤ ਵਿਚ ਪੇਸ਼ ਕੀਤਾ ਪਰ ਇਸ ਦੀ ਸੱਚਾਈ ਪਰਖੀ ਜਾਣੀ ਬਾਕੀ ਹੈ। ਫੈਡਰਲ ਜੱਜ ਟੈਰੀ ਡਾਓਟੀ ਨੇ ਕਿਹਾ ਕਿ ਸਰਕਾਰ ਸਭ ਕੁਝ ਠੀਕ-ਠਾਕ ਹੋਣ ਦਾ ਦਾਅਵਾ ਕਰ ਰਹੀ ਹੈ ਕਿਉਂਕਿ ਮਾਂ ਨੇ ਆਪਣੀ ਬੱਚੀ ਨੂੰ ਡਿਪੋਰਟ ਕੀਤੇ ਜਾਣ ਦੀ ਇੱਛਾ ਜ਼ਾਹਰ ਕੀਤੀ ਪਰ ਅਦਾਲਤ ਨੂੰ ਨਹੀਂ ਪਤਾ ਕਿ ਇਹ ਦਾਅਵਾ ਕਿੰਨਾ ਸੱਚਾ ਅਤੇ ਕਿੰਨਾ ਝੂਠਾ ਹੈ। ਡਾਓਟੀ ਨੇ ਸ਼ੁੱਕਰਵਾਰ ਨੂੰ ਮਾਮਲਾ ਆਪਣੇ ਹੱਥਾਂ ਵਿਚ ਲੈਂਦਿਆਂ ਹਰ ਪਹਿਲੂ ਦੀ ਬਾਰੀਕੀ ਨਾਲ ਤਹਿਕੀਕਾਤ ਕਰਵਾਉਣ ਦੇ ਸੰਕੇਤ ਦਿਤੇ। ਇਥੇ ਦਸਣਾ ਬਣਦਾ ਹੈ ਕਿ ਅਦਾਲਤ ਵਿਚ ਜਦੋਂ ਸੁਣਵਾਈ ਚੱਲ ਰਹੀ ਸੀ ਤਾਂ 2 ਸਾਲ ਦੀ ਬੱਚੀ, ਉਸ ਦੀ ਭੈਣ ਅਤੇ ਮਾਂ ਨੂੰ ਲਿਜਾ ਰਿਹਾ ਜਹਾਜ਼ ਮੈਕਸੀਕੋ ਦੀ ਖਾੜੀ ਉਪਰੋਂ ਲੰਘ ਰਿਹਾ ਸੀ ਅਤੇ ਟਰੰਪ ਸਰਕਾਰ ਦੇ ਵਕੀਲਾਂ ਨੇ ਅਦਾਲਤ ਨੂੰ ਜਾਣੂ ਕਰਵਾਇਆ ਗਿਆ ਕਿ ਫਿਲਹਾਲ ਬੱਚੀ ਦੀ ਮਾਂ ਨਾਲ ਗੱਲ ਕਰਨੀ ਸੰਭਵ ਨਹੀਂ। ਇਸ ਮਗਰੋਂ ਜੱਜ ਸਾਹਿਬ ਨੇ ਮਾਮਲੇ ਦੀ ਸੁਣਵਾਈ 16 ਮਈ ਤੱਕ ਮੁਲਤਵੀ ਕਰ ਦਿਤੀ। ਹੈਰਾਨੀ ਇਸ ਗੱਲ ਦੀ ਹੈ ਕਿ ਬਤੌਰ ਫੈਡਰਲ ਜੱਜ ਟੈਰੀ ਡਾਓਟੀ ਦੀ ਨਿਯੁਕਤੀ ਡੌਨਲਡ ਟਰੰਪ ਵੱਲੋਂ 2017 ਵਿਚ ਕੀਤੀ ਗਈ ਅਤੇ ਉਹ ਰਾਸ਼ਟਰਪਤੀ ਦੇ ਹੱਕ ਵਿਚ ਕਈ ਫੈਸਲੇ ਵੀ ਸੁਣਾ ਚੁੱਕੇ ਹਨ। ਇਸੇ ਦੌਰਾਨ ਇੰਮੀਗ੍ਰੇਸ਼ਨ ਹਮਾਇਤੀਆਂ ਨੇ ਕਿਹਾ ਕਿ ਅਮਰੀਕਾ ਵਿਚ ਗੈਰਕਾਨੂੰਨੀ ਪ੍ਰਵਾਸੀਆਂ ਦੇ ਮੌਜੂਦਾ ਹਾਲਾਤ ਦਾ ਅੰਦਾਜ਼ਾ 2 ਸਾਲ ਦੀ ਬੱਚੀ ਨੂੰ ਡਿਪੋਰਟ ਕੀਤੇ ਜਾਣ ਤੋਂ ਸਹਿਜੇ ਹੀ ਲਾਇਆ ਜਾ ਸਕਦਾ ਹੈ। ਬੱਚੀ ਤੋਂ ਪਹਿਲਾਂ ਡਿਪੋਰਟ ਕੀਤੇ ਯੂ.ਐਸ. ਸਿਟੀਜ਼ਨ ਨੂੰ ਅਦਾਲਤ ਵੱਲੋਂ ਵਾਪਸ ਲਿਆਉਣ ਦੇ ਹੁਕਮ ਦਿਤੇ ਗਏ ਪਰ ਟਰੰਪ ਸਰਕਾਰ ਅਜਿਹਾ ਕਰਨ ਤੋਂ ਅਸਿੱਧੇ ਤੌਰ 'ਤੇ ਹੱਥ ਖੜ੍ਹੇ ਕਰ ਗਈ।

# ਕੈਨੇਡਾ ਦੀ 45ਵੀਂ ਲੋਕ ਸਭਾ ਲਈ ਸੋਮਵਾਰ ਨੂੰ ਪੈਣਗੀਆਂ ਵੋਟਾਂ, ਲਿਬਰਲਜ਼ ਤੇ ਕੰਜ਼ਰਵੇਟਿਵਾਂ ਵਿਚਾਲੇ ਫਸਵੀਂ ਟੱਕਰ ਦੇ ਆਸਾਰ



ਵੈਨਕੂਵਰ, 27 ਅਪਰੈਲ-ਕੈਨੇਡਾ ਦੀ 45ਵੀਂ ਲੋਕ ਸਭਾ ਲਈ ਸੋਮਵਾਰ ਨੂੰ ਵੋਟਾਂ ਪੈਣਗੀਆਂ। ਵੋਟਿੰਗ ਖ਼ਤਮ ਹੋਣ ਤੋਂ ਫੌਰੀ ਮਗਰੋਂ ਗਿਣਤੀ ਸ਼ੁਰੂ ਹੋ ਜਾਏਗੀ ਤੇ ਕੁਝ ਘੰਟਿਆਂ ਅੰਦਰ ਕਾਫੀ ਨਤੀਜਿਆਂ ਦਾ ਐਲਾਨ ਹੋ ਜਾਏਗਾ। 29 ਅਪਰੈਲ ਦਾ ਸੂਰਜ ਨਵੀਂ ਸਰਕਾਰ ਦੇ ਨਕਸ਼ਾਂ ਦੇ ਉਭਾਰ ਲੈ ਕੇ ਕੈਨੇਡਿਆਈ ਲੋਕਾਂ ਦੀਆਂ ਬਰੂਹਾਂ ਉੱਤੇ ਦਸਤਕ ਦੇਵੇਗਾ।

ਆਪਣੇ ਮਨਾਂ ਵਿੱਚ ਚੰਗੀ ਸਰਕਾਰ ਦੀ ਉਮੀਦ ਦਾ ਦੀਵਾ ਜਗਾ ਚੁੱਕੇ ਵੋਟਰ ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ ਆਪਣੀ ਫੁਰਸਤ ਅਨੁਸਾਰ ਆਪਣੇ ਘਰਾਂ ਨੇੜਲੇ ਵੋਟ ਕੇਂਦਰਾਂ 'ਤੇ ਜਾ ਕੇ ਆਪਣੇ ਵੋਟ ਦੇ ਹੱਕ ਦੀ ਵਰਤੋਂ ਕਰਨਗੇ। ਬੇਸ਼ੱਕ ਚੋਣ ਅਖਾੜੇ ਦੇ ਸ਼ੁਰੂਆਤੀ ਦਿਨਾਂ ਤੋਂ ਹੀ ਸਰਵੇਖਣ ਏਜੰਸੀਆਂ ਸਰਗਰਮ ਸਨ, ਪਰ ਜਿਵੇਂ ਜਿਵੇਂ ਚੋਣਾਂ ਦਾ ਦਿਨ ਨੇੜੇ ਆਉਂਦਾ ਗਿਆ, ਦੋਹਾਂ ਪਾਰਟੀਆਂ ਲਿਬਰਲਜ਼ ਤੇ ਕੰਜ਼ਰਵੇਟਿਵ ਦਰਮਿਆਨ ਮੁਕਾਬਲਾ ਫਸਵਾਂ ਬਣ ਗਿਆ ਹੈ। ਬੇਸ਼ੱਕ ਹਵਾ ਦੀ ਘੁੰਮਣਘੇਰੀ ਵਿੱਚ ਫਸੇ ਵੋਟਰ ਪਸੰਦੀਦਾ ਪਾਰਟੀ ਬਾਰੇ ਮਨ ਬਣਾ ਕੇ ਹੀ ਵੋਟ ਕੇਂਦਰਾਂ 'ਤੇ ਜਾਣਗੇ, ਪਰ ਉਨ੍ਹਾਂ 'ਚੋਂ ਹੀ ਵੋਟਰਾਂ ਦਾ ਇੱਕ ਵਰਗ ਅਜਿਹਾ ਵੀ ਹੈ, ਜੋ ਵੋਟ ਕੇਂਦਰਾਂ 'ਤੇ ਜਾ ਕੇ ਹਵਾ ਦੇ ਵਹਿਣ ਵਿੱਚ ਵਹਿ ਕੇ ਫਸਵੀਂ ਟੱਕਰ ਦੇ ਨਤੀਜੇ ਪ੍ਰਭਾਵਤ ਕਰ ਸਕਣ ਦੇ ਸਮਰੱਥ ਹੈ।

ਲੰਘੇ ਹਫਤੇ ਅਗਾਊਂ ਵੋਟਾਂ ਮੌਕੇ ਇਸ ਵਾਰ 26 ਫੀਸਦ ਦਾ ਵਾਧਾ ਦਰਜ ਹੋਇਆ, ਜਿਸ ਨੂੰ ਸਿਆਸੀ ਸੂਝ ਵਾਲੇ ਲੋਕ ਸਰਕਾਰ ਦੇ ਬਦਲਾਅ ਦਾ ਸੰਕੇਤ ਮੰਨ ਰਹੇ ਹਨ। ਇਸ ਤਰ੍ਹਾਂ ਦਾ ਰੁਝਾਨ ਭਾਰਤ ਸਮੇਤ ਕਈ ਦੇਸ਼ਾਂ ਵਿੱਚ ਸਾਬਤ ਵੀ ਹੋ ਚੁੱਕਾ ਹੈ। ਪਰ ਕੁਝ ਹੋਰ ਇਸ ਨੂੰ ਅਮਰੀਕਨ ਰਾਸ਼ਟਰਪਤੀ ਦੇ ਟੈਰਿਫ ਨਾਲ ਸਿੱਝਣ ਦੀ ਯੋਗਤਾ ਵਾਲੇ ਆਗੂ ਦੇ ਹੱਥ ਮਜ਼ਬੂਤ ਕੀਤੇ ਜਾਣ ਦੇ ਉਤਸ਼ਾਹ ਵਜੋਂ ਲੈ ਰਹੇ ਹਨ। ਬਿਨਾਂ ਸ਼ੱਕ ਪਾਰਟੀ ਆਗੂਆਂ ਵਲੋਂ ਚੋਣ ਪ੍ਰਚਾਰ ਵਿੱਚ ਕੋਈ ਕਸਰ ਨਹੀਂ ਛੱਡੀ ਗਈ, ਪਰ ਚੋਣ ਮੈਦਾਨ ਵਿੱਚ ਕੁੱਦੇ ਉਮੀਦਵਾਰਾਂ ਵਲੋਂ ਇਸ ਵਾਰ ਪਹਿਲਾਂ ਵਾਂਗ ਜ਼ੋਰ ਨਹੀਂ ਲਗਾਇਆ ਗਿਆ।

ਸ਼ਹਿਰਾਂ ਵਿੱਚ ਵਿਚਰਦਿਆਂ ਉਮੀਦਵਾਰਾਂ ਵਲੋਂ ਸਮਰਥਕਾਂ ਦੇ ਘਰਾਂ ਮੂਹਰੇ ਤਖ਼ਤੀਆਂ ਜ਼ਰੂਰ ਲਗਾਈਆਂ ਗਈਆਂ ਹਨ, ਪਰ ਨਾ ਤਾਂ ਵੱਡੇ ਵੱਡੇ ਹੋਰਡਿੰਗ ਕਿਧਰੇ ਵਿਖਾਈ ਦਿੰਦੇ ਹਨ ਤੇ ਨਾ ਹੀ ਚੋਣ ਸਮਾਗਮ ਜਾਂ ਘਰ ਘਰ ਚੋਣ ਮੁਹਿੰਮ ਚਲਦੀ ਵੇਖੀ ਗਈ ਹੈ। ਦੇਸ਼ ਦੇ ਪ੍ਰਮੁੱਖ ਰੇਡੀਓ ਟੀਵੀ ਚੈਨਲਾਂ ਨੂੰ ਫੋਨ ਕਰਦੇ ਰਹਿਣ ਵਾਲੇ ਬਹੁਤੇ ਕਾਲਰ ਬਦਲਾਅ ਦੀ ਉਮੀਦ ਲਾਈ ਬੈਠੇ ਹਨ। ਹੁਣ ਇਹ ਪਤਾ ਲੱਗਣ ਵਿੱਚ ਕੁਝ ਘੰਟੇ ਹੀ ਬਾਕੀ ਹਨ ਕਿ ਬਹੁਗਿਣਤੀ ਵੋਟਰਾਂ ਨੇ ਦੇਸ਼ ਦੀ ਸੱਤਾ ਸੰਭਾਲਣ ਲਈ ਕਿਹੜੀ ਪਾਰਟੀ ਨੂੰ ਯੋਗ ਸਮਝਿਆ ਤੇ ਕਿਹੜੇ ਕਿਹੜੇ ਉਮੀਦਵਾਰਾਂ ਨੂੰ ਓਟਵਾ ਸਥਿਤ ਕੈਨੇਡਾ ਦੇ ਪਾਰਲੀਮੈਂਟ ਹਾਊਸ ਦਾ ਗੇਟ ਲੰਘਣ ਦੇ ਯੋਗ ਬਣਾਇਆ।



# ਕਲਾਸੀਫਾਈਡ

ਹਮਦਰਦ ਅਖ਼ਬਾਰ ਜਾਂ HAMDARD TV 'ਚ ਆਪਣਾ ਇਸ਼ਤਿਹਾਰ ਜਾਂ ਕਲਾਸੀਫਾਈਡ ਦੇ ਕੇ ਪੂਰੀ ਦੁਨੀਆ ਤੱਕ ਪਹੁੰਚ ਕਰੋ

905-791-9999




# Classified




## ਕੰਨਿਆ ਦੀ ਲੋੜ

ਕੈਨੇਡੀਅਨ ਪੀ ਆਰ, ਜੱਟ ਸਿੱਖ ਉੱਪਲ, ਉਮਰ 27 ਸਾਲ, ਕੱਦ 6'-4", ਬਿਜਨੈਸ ਮਾਰਕਿਟਿੰਗ ਡਿਪਲੋਮਾ ਹੋਲਡਰ, ਟ੍ਰੱਕਿੰਗ ਦੀ ਵਧੀਆ ਜੌਬ ਕਰਦੇ, ਹੈਂਡਸਮ, ਨਸ਼ਿਆ ਤੋਂ ਰਹਿਤ ਵੈਲ ਸੈਟਲਡ ਲੜਕੇ ਲਈ ਕੈਨੇਡਾ/ਅਮਰੀਕਾ/ਇੰਡੀਆ ਤੋਂ ਪੜ੍ਹੀ ਲਿਖੀ, ਸੋਹਣੀ, ਪਰਵਾਰਕ, ਜੌਬ ਕਰਦੀ ਘੱਟੋ ਘੱਟ 5'-7" ਕੱਦ ਵਾਲੀ ਲੜਕੀ ਦੀ ਲੋੜ ਹੈ। ਸਟੂਡੈਂਟ/ਵਿਜ਼ਟਰ ਜਾਂ ਵਰਕ ਪਰਮਿਟ ਤੇ ਆਈ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ। ਲੜਕੇ ਦਾ ਪਰਿਵਾਰ ਵੈਲ ਸੈਟਲਡ ਹੈ। ਮਾਝੇ ਇਲਾਕੇ ਅਤੇ ਕੈਨੇਡੀਅਨ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਹੋਰ ਜਾਣਕਾਰੀ ਲਈ ਕਾਲ ਕਰੋ: 647-625-0009 -1799

*****************

ਇੰਡੀਆ ਰਹਿੰਦੇ ਹਿੰਦੂ ਪੰਜਾਬੀ ਅਰੋੜਾ, ਉਮਰ 32 ਸਾਲ, ਕੱਦ 5'-5", ਆਈ ਟੀ ਆਈ ਦਾ 2 ਸਾਲਾ ਡਿਪਲੋਮਾ, ਆਪਣਾ ਬਿਜ਼ਨਸ ਕਰਦੇ, ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ/ਅਮਰੀਕਾ ਤੋਂ ਪੜ੍ਹੀ ਲਿਖੀ, ਪਰਿਵਾਰਕ, ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ। ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਤੇ ਆਈ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ ਅਤੇ ਪੀ ਆਰ ਲੈਣ ਵਿੱਚ ਵੀ ਮਦਦ ਕੀਤੀ ਜਾ ਸਕਦੀ ਹੈ। ਨੈਨੀ ਤੇ ਕੇਅਰ-ਗਿਵਰ ਦੇ ਤਜ਼ਰਬੇ ਵਾਲੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਹੋਰ ਜਾਣਕਾਰੀ ਲਈ ਕਾਲ ਕਰੋ:1-639-916-0592, +91-97796-22058 -1799

*****************

ਕੈਨੇਡਾ 'ਚ ਵਰਕ ਪਰਮਿਟ ਤੇ ਆਏ, ਪੀ ਆਰ ਅਪਲਾਈਡ ਸਟੇਟਸ, ਮਜ਼ਬੀ ਸਿੱਖ, ਉਮਰ 29 ਸਾਲ, ਕੱਦ 5'-8", ਮਕੈਨਿਕਲ ਇੰਜੀਨੀਅਰਿੰਗ ਡਿਗਰੀ ਹੋਲਡਰ, ਆਈ ਟੀ ਫੀਲਡ ਦੀ ਵਧੀਆ ਜੋਬ ਕਰਦੇ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ ਤੋਂ ਪੜ੍ਹੀ ਲਿਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਕੈਨੇਡਾ'ਚ ਵੈਲ ਸੈਟਲਡ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਸੰਪਰਕ ਕਰਨ ਲਈ ਫੋਨ: 647-525-8547, 1-604-991-8147 -1799

*****************

ਕੈਨੇਡਾ 'ਚ ਵਰਕ ਪਰਮਿਟ ਤੇ ਆਏ, ਪੀ ਆਰ ਅਪਲਾਈਡ ਸਟੇਟਸ, ਸੈਣੀ ਸਿੱਖ, ਜੂਨ 1998 ਬੌਰਨ, ਕੱਦ 6', ਬੀ ਟੈਕ ਇਨ ਮਕੈ-ਨਿਕਲ ਇੰਜੀਨੀਅਰਿੰਗ, 2 ਪੋਸਟ ਗਰੈਜੂਏਟ ਡਿਪਲੋਮਾ - ਪ੍ਰੋਜੈਕਟ ਮੈਨੇਜਮੈਂਟ ਅਤੇ ਮੈਨ-ਯੂਫੈਕਚਰਿੰਗ ਮੈਨੇਜਮੈਂਟ ਵਿੱਚ, ਵੱਡੀ ਕੰਪਨੀ'ਚ ਐਕਜ਼ੀਕਯੂਟਿਵ ਕੋਓਰਡੀਨੇਟਰ ਦੀ ਵਧੀਆ ਜੋਬ ਕਰਦੇ, ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ/ਅਮਰੀਕਾ/ਇੰਡੀਆ ਤੋਂ ਪ੍ਰੋਫੈਸ਼ਨਲੀ ਕੁਆਲੀਫਾਈਡ ਇਨ ਆਈ ਟੀ/ਇੰਜੀਨੀਅਰਿੰਗ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਲੜਕੇ ਦੀ ਭੈਣ ਤੇ ਭਰਾ ਕੈਨੇਡਾ'ਚ ਵੈਲ ਸੈਟਲਡ ਹਨ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਸੰਪਰਕ ਕਰਨ ਲਈ ਵਾਟਸਅਪ: +91-98100-39737, +91-92120-74761 -1799

*****************

**Canadian well settled Punjabi Hindu Khatri family based in Vancouver Canada, seeking a suitable match for their handsome son, Canadian citizen, Indian born, raised in Canada, Nov. 1993 born, 5'7" tall, Resident doctor, Family medicine residency in USA. Looking for a well educated girl, Canadian/USA based, citizen/PR, who values both career & family. Caste no bar. No Marriage bureau please. Contact: 1-778-318-2344.** -1799

*****************

ਕੈਨੇਡੀਅਨ ਸ਼ਿਟੀਜਨ, ਜੱਟ ਸਿੱਖ ਧਾਲੀਵਾਲ, ਉਮਰ 32 ਸਾਲ, ਕੱਦ 5'-8", ਪੜ੍ਹੇ ਲਿਖੇ, ਆਪਣਾ ਕਨਸਟ੍ਰੱਕਸ਼ਨ ਦਾ ਵਧੀਆ ਬਿਜ਼ਨਸ ਕਰਦੇ, ਹੈਂਡਸਮ, ਤਲਾਕਸ਼ੁਦਾ (ਇੱਕ 6 ਸਾਲ ਦਾ ਬੇਟਾ ਨਾਲ ਹੈ) ਲੜਕੇ ਲਈ ਕੈਨੇਡਾ/ਅਮ-ਰੀਕਾ ਤੋਂ ਪੜ੍ਹੀ ਲਿਖੀ, ਸੋਹਣੀ, ਪਰਿਵਾਰ ਨਾਲ ਰਹਿਣ ਦੀ ਚਾਹਵਾਨ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਕੈਲਗਰੀ, ਕੈਨੇਡਾ ਵਿਚ ਵੈਲ ਸੈਟਲਡ ਹੈ। ਤਲਾਕਸ਼ੁਦਾ ਲੜਕੀ ਅਤੇ ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਤੇ ਆਈ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ। ਮਾਲਵੇ ਨੂੰ ਪਹਿਲ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਸੰਪਰਕ ਕਰਨ ਲਈ ਫੋਨ: 1-587-719-9599, 1-403-971-9085 -1799

*****************

ਕੈਨੇਡਾ ਵਿਚ ਰਹਿ ਰਹੇ, ਜੱਟ ਸਿੱਖ, ਉਮਰ 28 ਸਾਲ, ਕੱਦ 5'-7", ਅੰਮ੍ਰਿਤਸਰ ਨਾਲ ਸਬੰਧਿਤ, ਬਿਜਨੈਸ ਮਾਰਕੀਟਿੰਗ ਡਿਪਲੋਮਾ ਹੋਲਡਰ, ਰੌਜਰਜ਼ ਕੰਪਨੀ ਨਾਲ ਵਧੀਆ ਜੌਬ ਕਰ ਰਹੇ, ਇੰਡੀਆ ਵਿਚ ਚੰਗੀ ਪ੍ਰਾਪਰਟੀ ਦੇ ਮਾਲਕ, ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ ਤੋਂ ਸ਼ਿਟੀਜਨ/ਪੀ ਆਰ/ਪੜ੍ਹੀ ਲਿਖੀ, ਸੋ-ਹਣੀ , ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦੇ ਰਿਸ਼ਤੇਦਾਰ ਕੈਨੇਡਾ ਵਿ ਵੈਲ ਸੈਟਲਡ ਹਨ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਲੜਕੇ ਦੇ ਪਰਿਵਾਰ ਦੀ ਅੰਮ੍ਰਿਤਸਰ ਵਿਚ ਇਕ ਕਰੋੜ ਦੀ ਕੋਠੀ ਹੈ ਤੇ 10 ਕਿਲ੍ਹੇ ਜ਼ਮੀਨ ਤੋਂ ਇਲਾਵਾ ਯੂ ਪੀ ਵਿਚ ਵੀ 8 ਕਿਲ੍ਹੇ ਜ਼ਮੀਨ ਹੈ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਹੋਰ ਜਾਣਕਾਰੀ ਲਈ ਸੰਪਰਕ ਕਰੋ: 647-852-4884 ਜਾਂ ਇਮੇਲ ਤੇ ਵੇਰਵੇ ਭੇਜੋ: gulshandugh@gmail.com -1798

***************

ਕੈਨੇਡਾ 'ਚ ਵਰਕ ਪਰਮਿਟ ਤੇ ਕੰਮ ਕਰ ਰਹੇ, ਜੱਟ ਸਿੱਖ ਗਿੱਲ, ਉਮਰ 26 ਸਾਲ, ਕੱਦ 5'-9", ਬਿਜਨੈਸ ਦਾ ਡਿਪਲੋਮਾ ਤੇ ਇੰਡੀਆ ਤੋਂ ਬੀ ਕਾਮ, ਟਰਾਂਸਪੋਰਟ ਦੀ ਜੌਬ ਕਰ ਰਹੇ, ਹੈਂਡਸਮ, ਨਸ਼ਿਆ ਤੋਂ ਰਹਿਤ, ਵੈਜੀਟੇਰੀਅਨ, ਦਸਤਾਰਧਾਰੀ ਲੜਕੇ ਲਈ ਕੈਨੇਡੀਅਨ/ਅਮ-ਰੀਕਨ ਸ਼ਿਟੀਜਨ/ਪੀ ਆਰ/ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਮਾਤਾ -ਪਿਤਾ ਫਿਲਪਾਇਨ ਦੇ ਇੰਮੀਗਰਾਂਟ ਹਨ। ਪੰਜਾਬ 'ਚ 11 ਏਕੜ ਜ਼ਮੀਨ ਦੇ ਮਾਲਕ ਤੇ ਪਟਿਆਲਾ 'ਚ ਕੋਠੀ ਤੇ ਦਾਦੀ ਜੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਰਿਟਾਇਰਡ ਹੋਏ ਹਨ, ਟਰਾਂਟੋ 'ਚ ਮਾਮਾ ਜੀ ਦੇ ਪਰਿਵਾਰ ਨਾਲ ਰਹੇ ਰਹੇ ਲੜਕੇ ਲਈ ਲੜਕੀ ਦੀ ਲੋੜ ਹੈ। ਰਿਸ਼ਤਾ ਜੋੜਨ ਦੇ ਚਾਹਵਾਨ 647-704-3051 ਜਾਂ ਵਟਸ ਅਪ ਤੇ 416-817-3600 ਤੇ ਫੋਨ ਕੀਤਾ ਜਕਾ ਸਕਦਾ ਹੈ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। -1798

***************

Jat Sikh parents seek a suitable match for their son, Canadian citizen, 1989 born, 6' ft tall, degree in Electrical Engineering from Toronto University, profeesionally employed with Ontario Government. Girl should be Canadian citizen/PR, well educated, professionally employed. GTA preferred. Please send biodata & recent picture to email: jagjitc@hotmail.com -1798

***************

Jat Sikh well settled Canadian citizen family looking for a slim, beautiful, professionally qualified girl for their only son, age 30 yrs. ht. 5'-8", Doctor of Pharmacy(UBC), well employed. Girl should be born or raised in Canada, may consider express entry immigrants also. Contact for more details on whatsapp: 1-778-522-2672. Marriage bureau please excuse. -1798

***************

ਕੈਨੇਡਾ'ਚ ਵਿਜ਼ਟਰ ਵੀਜ਼ੇ ਤੇ ਆਏਹਿੰਦੂ ਸਾਰਸਵਤ ਪੰਡਿਤ, ਅਕਤੂਬਰ 1993 ਬੌਰਨ, ਕੱਦ 6'-2", ਦਸਤਾਰਧਾਰੀ, ਹੈਂਡਸਮ, ਨਸ਼ਿਆ ਤੋਂ ਰਹਿਤ, ਵੈਸ਼ਨੂੰ, ਇੰਡੀਆ ਵਿਚ ਲੋਨ ਡਿਪਾਰਟਮੈਂਟ ਦੀ ਵਧੀਆ ਜੋਬ ਕਰਦੇ ਲੜਕੇ ਲਈ ਕੈਨੇਡਾ/ਅਮਰੀਕਾ ਤੋਂ ਸਿਟੀਜ਼ਨ/ਪੀ ਆਰ/ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਲੜਕੇ ਦੇ ਰਿਸ਼ਤੇਦਾਰ ਕੈਨੇਡਾ ਵਿਚ ਵੈਲ ਸੈਟਲਡ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਹੋਰ ਜਾਣਕਾਰੀ ਲਈ ਸੰਪਰਕ ਕਰੋ: 1-604-720-1476,1-604-316-2198 -1798

***************

ਕੈਨੇਡਾ 'ਚ ਵਰਕ ਪਰਮਿਟ ਤੇ ਰਹਿੰਦੇ, ਬ੍ਰਿਟਿਸ਼ ਅਤੇ ਹੌਂਗਕੌਂਗ ਸਿਟੀਜ਼ਨ, ਜੱਟ ਸਿੱਖ, 1995 ਬੌਰਨ, ਕੱਦ 6'-1", ਬਿਜ਼ਨਸ ਮਨੇਜਮੈਂਟ ਅਤੇ ਆਈ ਟੀ ਡਿਪਲੋਮਾ ਹੋਲਡਰ, ਵਧੀਆ ਜੋਬ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ/ਅਮਰੀਕਾ ਤੋਂ ਸਿਟੀਜ਼ਨ/ ਪੀ ਆਰ/ਗਰੀਨ ਕਾਰਡ ਹੋਲਡਰ, ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਹੋਰ ਜਾਣਕਾਰੀ ਲਈ ਸੰਪਰਕ ਕਰੋ: 416-648-7576 -1798

***************

ਕੈਨੇਡੀਅਨ ਜੰਮਪਲ, ਰਾਮਗੜ੍ਹੀਆ ਸਿੱਖ, ਉਮਰ 28 ਸਾਲ, ਕੱਦ 5'-11", ਅਮਰੀਕਾ ਦੇ ਫਲੋਰੀਡਾ ਵਿਚ ਕੰਪਿਊਟਰ ਇੰਜੀਨੀਅਰਿੰਗ ਦੀ ਵਧੀਆ ਜੋਬ ਕਰਦੇ, ਹੈਂਡਸਮ, ਨਸ਼ਿਆ ਤੋਂ ਰਹਿਤ, ਪਰਿਵਾਰਕ ਕਦਰਾਂ ਕੀਮਤਾਂ ਨੂੰ ਸਮਝਣ ਵਾਲੇ, ਕੈਨੇਡਾ ਵਿਚ ਕਈ ਪ੍ਰਾਪਰਟੀਆਂ ਦੇ ਮਾਲਕ ਲੜਕੇ ਲਈ ਸਿਰਫ ਅਮਰੀਕਾ ਤੋਂ ਸੋਹਣੀ, ਪਰਿਵਾਰਕ, ਪ੍ਰੋਫੈਸ਼ਨਲੀ ਕੁਆਲੀਫਾਈਡ 25 ਤੋਂ 28 ਸਾਲ ਦੀ ਉਮਰ ਵਾਲੀ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਕੈਨੇਡਾ ਤੋਂ ਲੜਕੀਆਂ ਦੇ ਪਰਿਵਾਰ ਤੇ ਮੈਰਿਜ ਬਿਊਰੋ ਵਾਲੇ ਕਿਰਪਾ ਕਰਕੇ ਫੋਨ ਨਾ ਕਰਨ। ਹੋਰ ਵਧੇਰੇ ਪੁੱਛਗਿੱਛ ਲਈ 416-668-3741 ਤੇ ਸੰਪਰਕ ਕੀਤਾ ਜਾ ਸਕਦਾ ਹੈ। -1797

*****************

**Canadian well settled Jat Gursikh Khroad parents seeking a suitable match for their Canadian born & raised son, April 1999 born, 5'-10" tall, LLB ( Criminal Lawyer). Looking for a well-educated, Canadian, Jat Gursikh girl, preferably Medical field, CPA, Lawyer or professionally qualified, beautiful & family oriented. Boys family is based from Patiala/Ludhiana district, settled in Canada since 1990. Marriage Bureau please excuse. Please respond with biodata & recent picture to email: Har10@hotmail.com or contact: 647-504-5800** -1796

ਕੈਨੇਡੀਅਨ ਪੀ ਆਰ, ਜੱਟ ਸਿੱਖ ਚਾਹਲ, 1995 ਬੌਰਨ, ਕੱਦ 5'-8", ਬਿਜ਼ਨੈਸ ਡਿਪਲੋਮਾ ਹੋਲ-ਡਰ, ਇਸ ਸਮੇਂ ਰੀਅਲ ਐਸਟੇਟ ਏਜੰਟ ਵਜੋਂ ਆਪਣਾ ਬਿਜਨੈਸ ਕਰਦੇ, ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ ਤੋਂ ਪੀ ਆਰ ਜਾਂ ਵਰਕ ਪਰਮਿਟ ਤੇ ਆ ਕੇ ਆਪਣੇ ਪਰਿਵਾਰ ਨਾਲ ਰਹਿ ਰਹੀ, ਪੜ੍ਹੀ ਲਿਖੀ ਸੋਹਣੀ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਬ੍ਰਿਟਿਸ਼ ਕੁਲੰਬੀਆ ਕੈਨੇਡਾ 'ਚ ਵੈਲ ਸੈਟਲਡ ਹੈ। ਮੋਗਾ ਤੇ ਬੀ ਸੀ ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਰਿਸ਼ਤਾ ਜੋੜਨ ਦੇ ਚਾਹਵਾਨ 1-778-552-0211 ਜਾਂ 1-778-551-0211 ਜਾਂ 1-778-666-7129 ਤੇ ਫੋਨ ਕੀਤਾ ਜਾ ਸਕਦਾ ਹੈ। -1797

*****************

ਕੈਨੇਡੀਅਨ ਪੀ ਆਰ, ਜੱਟ ਸਿੱਖ ਸੰਧੂ, ਉਮਰ 29 ਸਾਲ, ਕੱਦ 6 ਫੁੱਟ, ਇੰਡੀਆ ਤੋਂ ਬੀ ਕਾਮ ਡਿਗਰੀ, ਕੈਨੇਡਾ 'ਚ ਅਕਾਊਂਟਿੰਗ ਦਾ ਡਿਪਲੋਮਾ ਕਰਕੇ ਹੁਣ ਟਰਾਂਸਪੋਰਟ 'ਚ ਵਧੀਆ ਜੌਬ ਕਰ ਰਹੇ, ਨਸ਼ਿਆ ਤੋਂ ਰਹਿਤ, ਦਸਤਾਰਧਾਰੀ, ਚੰਗੀ ਪਰਸਨੈਲਟੀ ਦੇ ਮਾਲਕ, ਸਾਰਾ ਪਰਿਵਾਰ ਕੈਨੇਡਾ 'ਚ ਵੈਲ ਸੈਟਲਡ, ਸਰੀ 'ਚ ਆਪਣੇ ਘਰ ਦੇ ਮਾਲਕ ਲੜਕੇ ਲਈ ਜੱਟ ਸਿੱਖ, ਘੱਟੋ ਘੱਟ 5'-5" ਕੱਦ ਵਾਲੀ ਕੈਨੇਡਾ ਦੀ ਸ਼ਿਟੀਜਨ/ਪੀ ਆਰ/ਵਰਕ ਪਰਮਿਟ ਤੇ ਕੈਨੇਡਾ 'ਚ ਆਈ ਹੋਈ ਤੇ ਬਰਾਬਰ ਦੀ ਯੋਗਤਾ ਵਾਲੀ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦੀ ਇੰਡੀਆ 'ਚ ਕਾਫੀ ਜ਼ਮੀਨ ਜਾਇਦਾਦ ਹੈ। ਪੰਜਾਬ 'ਚ ਲੁਧਿਆਣਾ ਜਿਲ੍ਹੇ ਨੂੰ ਜਾਂ ਮਾਲਵੇ ਇਲਾਕੇ ਨੂੰ ਪਹਿਲ। ਮੈਰਿਜ ਬਿਊਰੋ ਵਾਲੇ ਭੁੱਲ ਕੇ ਵੀ ਫੋਨ ਨਾ ਕਰਨ। ਹੋਰ ਜਾਣਕਾਰੀ ਲਈ 1-778-344-3802 ਤੇ ਸੰਪਰਕ ਕਰੋ। -1797

*****************

ਕੈਨੇਡੀਅਨ ਪੀ ਆਰ, ਸਿੱਖ, ਉਮਰ 29 ਸਾਲ, ਕੱਦ 6'-1", ਬੀ ਟੈਕ ਇਲੈਕਟੋਨਿਕ ਅਤੇ ਕਮਿਊਨੀਕੇਸ਼ਨ, ਐਮ ਐਸ ਸੀ ਆਰਟੀਫੀਸ਼ਲ ਇਟੈਲੀਜੈਂਸ ਡਿਗਰੀ ਹੋਲਡਰ, ਬਰੈਂਪਟਨ 'ਚ ਆਈ ਟੀ ਸਪੋਟ ਇੰਜੀਨੀਅਰ ਦੀ ਵਧੀਆ ਨੌਕਰੀ ਕਰ ਰਹੇ, ਨਸ਼ਿਆ ਤੋਂ ਰਹਿਤ, ਦਸਤਾਰਧਾਰੀ ਲੜਕੇ ਲਈ ਕੈਨੇਡਾ ਜਾਂ ਇੰਡੀਆ ਤੋਂ ਸੁੰਦਰ-ਸੁਸੀਲ, ਪਰਿਵਾਰਕ, ਘੱਟੋ ਘੱਟ 5'-5" ਲੰਮੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਸਰੀ 'ਚ ਵੈਲ ਸੈਟਲਡ ਹੈ। ਲੜਕੇ ਦੇ ਪਿਤਾ ਜੀ ਪੰਜਾਬ ਗਰਾਮਿਨ ਬੈਂਕ ਚੋਂ ਰਿਟਾਇਰਡ ਚੀਫ ਮੈਨੇਜਰ ਹਨ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਹੋਰ ਪੁੱਛਗਿੱਛ ਲਈ ਵਟਸ ਅਪ ਇੰਡੀਆ +91-98157-97326 ਜਾਂ ਕੈਨੇਡਾ 'ਚ 416-725-4910 ਤੇ ਫੋਨ ਕੀਤਾ ਜਾ ਸਕਦਾ ਹੈ। -1797

*****************

ਕੈਨੇਡੀਅਨ ਸ਼ਿਟੀਜਨ, ਹਿੰਦੂ ਪੰਜਾਬੀ ਐਸ ਸੀ, ਜੁਲਾਈ 1989 ਬੋਰਨ, ਕੱਦ 5'-8", ਕੈਨੇ-ਡੀਅਨ ਯੂਨੀਵਰਸਿਟੀ ਗਰੈਜੂਏਟ, ਹੈਂਡਸਮ, ਨਸ਼ਿਆ ਤੋਂ ਰਹਿਤ, ਵਧੀਆ ਜੌਬ ਕਰਦੇ ਲੜਕੇ ਲਈ ਕੈਨੇਡਾ/ਕੈਨੇਡਾ ਤੋਂ ਪੜ੍ਹੀ ਲਿਖੀ, ਸੁੰਦਰ, ਪਰਿਵਾਰਕ ਲੜਕੀ ਦੀ ਲੋੜ ਹੈ। ਸਟੂਡੈਂਟ/ਵਿਜ਼ਟਰ ਜਾਂ ਵਰਕ ਪਰਮਿਟ ਤੇ ਆਈ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ।ਹੋਰ ਵਧੇਰੇ ਜਾਣਕਾਰੀ ਲਈ ਵਟਸ ਅਪ ਤੇ 1-236-882-1171 ਤੇ ਕਾਲ ਜਾਂ ਟੈਕਸਟ ਕਰ ਸਕਦੇ ਹਨ। -1797

****************

ਕੈਨੇਡੀਅਨ ਬੋਰਨ, ਜੱਟ ਸਿੱਖ ਦਿਉਲ, 1993 ਬੌਰਨ, ਕੱਦ 5'-9", ਐਡਮਿਨਿਸਟ੍ਰੇਟਿਵ ਮਨੇਜਮੈਂਟ ਡਿਪਲੋਮਾ ਹੋਲਡਰ, ਰੀਅਲ ਐਸਟੇਟ ਦੇ ਕਾਰੋਬਾਰ ਤੋਂ ਇਲਾਵਾ ਆਪਣਾ ਇਕ ਹੋਰ ਬਿਜਨੈਸ ਵੀ ਕਰ ਰਹੇ, ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ ਦੀ ਜੰਮਪਲ ਜਾਂ ਛੋਟੀ ਹੁੰਦੀ ਆਈ ਪਰਿਵਾਰਕ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਤੇ ਆਈ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ। ਅਲਬਰਟਾ ਸੂਬੇ 'ਚ ਰਹਿੰਦੀ ਜਾਂ ਮੂਵ ਹੋਣ ਦੀ ਚਾਹਵਾਨ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਕੈਲਗਰੀ ਸਮੇਂ ਅਨੁਸਾਰ ਸੋਮਵਾਰ ਤੋਂ ਸ਼ੁੱਕਰਵਾਰ ਬਾਅਦ ਦੁਪਹਿਰ 2 ਵਜੇ ਤੋਂ ਰਾਤ ਦੇ 9 ਵਜੇ ਤੱਕ ਜਾਂ ਫਿਰ ਵੀਕਐਂਡ ਤੇ ਦਿਨ ਸਮੇਂ ਕਦੇ ਵੀ ਫੋਨ ਕੀਤਾ ਜਾ ਸਕਦਾ ਹੈ। ਰਿਸ਼ਤਾ ਜੋੜਨ ਲਈ ਫੋਨ: 1-403-477-2600 -1797

***************

ਕੈਨੇਡੀਅਨ ਸ਼ਿਟੀਜਨ, ਜੱਟ ਸਿੱਖ, 1987 ਬੌਰਨ, ਕੱਦ 6'-2", ਪੜ੍ਹੇ ਲਿਖੇ, ਹੈਂਡਸਮ, ਨਸ਼ਿਆ ਤੋਂ ਰਹਿਤ, ਰੀਅਲ ਵਜੋਂ ਆਪਣਾ ਕੰਮ ਕਰਦੇ, ਵਿਆਹ ਤੋਂ ਸਿਰਫ ਇਕ ਸਾਲ ਅੰਦਰ ਬੇਕਸੂਰ ਤਲਾਕਸ਼ੁਦਾ ਲੜਕੇ ਲਈ ਕੈਨੇਡਾ/ਅਮ-ਰੀਕਾ ਤੋਂ ਪੜ੍ਹੀ ਲਿਖੀ, ਸੋਹਣੀ, ਪਰਿਵਾਰ ਨਾਲ ਰਹਿਣ ਦੀ ਚਾਹਵਾਨ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ। ਮੈ-ਰਿਜ ਬਿਊਰੋ ਵਾਲੇ ਫੋਨ ਨਾ ਕਰਨ। ਹੋਰ ਵਧੇਰੇ ਪੁੱਛਗਿੱਛ ਕਰਨ ਲਈ 647-708-3447 ਤੇ ਫੋਨ ਕੀਤਾ ਜਾ ਸਕਦਾ ਹੈ। -1797

***************

ਅਮਰੀਕਾ'ਚ ਵਿਜ਼ਟਰ ਵੀਜ਼ੇ ਤੇ ਬੇਕਰਸਫੀਲਡ, ਕੈਲੇਫੋਰਨੀਆ ਰਹਿੰਦੇ ਟੌਂਕ ਸੱਤਰੀ, ਅਗਸਤ 1992 ਬੌਰਨ, ਕੱਦ 5'-8", ਬੀ ਸੀ ਏ, ਦੂ-ਬਈ ਵਿਚ 6 ਸਾਲ ਲਈ ਵਧੀਆ ਕਨਸਟ੍ਰੱਕਸ਼ਨ ਕੰਪਨੀ ਨਾਲ ਸੀਨੀਅਰ ਅਕਾਊਂਟੈਂਟ ਤੇ ਐਚ ਆਰ ਦੀ ਵਧੀਆ ਜੌਬ ਕਰਕੇ ਆਏ, ਹੈਂਡਸਮ, ਤਲਾਕਸ਼ੁਦਾ ਲੜਕੇ ਲਈ ਅਮਰੀਕਾ ਤੋਂ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪੜੀ ਲਿਖੀ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ। ਲੜਕੇ ਦੀਆਂ ਦੋਵੇਂ ਭੈਣਾਂ ਕੈਨੇਡਾ ਵਿਚ ਵੈਲ ਸੈਟਲਡ ਹਨ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 1-609-456-1023, 1-403-700-9742, +91-87258-56000 -1797

***************

ਕੈਨੇਡਾ 'ਚ ਵਰਕ ਪਰਮਿਟ ਤੇ ਕੰਮ ਕਰ ਰਹੇ, ਜੱਟ ਸਿੱਖ ਚੀਮਾ, ਉਮਰ 33 ਸਾਲ, ਕੱਦ 5'-11", ਨੈਵਰ ਮੈਰਿਡ, ਅਮਰੀਕਨ ਵੀਜ਼ਾ ਹੋਲਡਰ, ਬੀ ਏ, ਬੀ ਸੀ ਏ, ਟਰੱਕਿੰਗ ਦੀ ਵਧੀਆ ਜੋਬ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ, ਵੈਸ਼ਨੂੰ, ਇੰਡੀਆ ਵਿਚ 10 ਕਿਲ੍ਹੇ ਜ਼ਮੀਨ ਦੇ ਮਾਲਕ ਲੜਕੇ ਲਈ ਅਮਰੀਕਾ ਤੋਂ ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ। ਕੈਲੇਫੋਰਨੀਆ ਰਹਿੰਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਲੜਕੇ ਦਾ ਪਰਿਵਾਰ ਅਮਰੀਕਾ ਵਿਚ ਵੈਲ ਸੈਟਲਡ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਹੋਰ ਪੁੱਛਗਿੱਛ ਲਈ ਸੰਪਰਕ ਕਰੋ: 1-209-238-5118 -1796

*****************

ਕੈਨੇਡੀਅਨ ਜੰਮਪਲ, ਜੱਟ ਗੁਰਸਿੱਖ, ਗਰੇਵਾਲ ਪਰਿਵਾਰ ਦਾ ਬੇਟਾ, ਉਮਰ 33 ਸਾਲ, ਕੱਦ 5'-8", ਬਾਇਓ ਮੈਡੀਕਲ ਇੰਜਨੀਅਰ ਤੇ ਮਕੈਨੀਕਲ ਇੰਜਨੀਅਰ ਡਿਗਰੀ ਹੋਲਡਰ, ਵੱਡੀ ਕੰਪਨੀ ਵਿਚ ਇੰਜਨੀਅਰ ਦੀ ਵਧੀਆ ਜੌਬ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ ਤੋਂ ਜੰਮਪਲ, ਸਿਟੀਜਨ/ਪੀ ਆਰ, ਪ੍ਰੋਫੈਸ਼ਨਲੀ ਕੁਆਲੀਫਾਈਡ ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਹੋਰ ਵਧੇਰੇ ਜਾਣਕਾਰੀ ਲਈ 416-617-0672 ਤੇ ਫੋਨ ਕਰ ਸਕਦੇ ਹਨ। -1796

*****************

ਅਮਰੀਕਾ ਦੇ ਜੰਮਪਲ, ਜੱਟ ਸਿੱਖ ਗਿੱਲ, ਮਾਰਚ 1993 ਦੇ ਬੋਰਨ, ਕੱਦ 5'-9", ਬਰਕਲੇ ਯੂਨੀ-ਵਰਸਿਟੀ ਤੋਂ ਬੀ ਏ ਇਨ ਸਾਇਕੋਲਜੀ ਅਤੇ ਆਰ ਐਨ ਡਿਗਰੀ ਹੋਲਡਰ, ਹਸਪਤਾਲ ਵਿਚ ਆਰ ਐਨ ਦੀ ਵਧੀਆ ਜੌਬ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ, ਲੜਕੇ ਲਈ ਅਮਰੀਕਾ ਤੋਂ ਜੰਮਪਲ ਜਾਂ ਸ਼ਿਟੀਜਨ, ਆਰ ਐਨ ਜਾਂ ਮੈਡੀਕਲ ਫੀਲਡ ਤੋਂ ਪ੍ਰੋਫੈਸ਼ਨਲੀ ਕੁਆਲੀਫਾਈਡ, ਸੋਹਣੀ, ਪਰਿਵਾਰਕ, ਘੱਟੋ ਘੱਟ 5'-5", ਲੰਮੀ ਲੜਕੀ ਦੀ ਲੋੜ ਹੈ। ਕੈਲੇਫੋਰਨੀਆ ਦੇ ਬੇ ਏਰੀਏ ਜਾਂ ਨੇੜਲੇ ਸ਼ਹਿਰਾਂ ਤੋਂ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਪਰਵਾਰ ਦੀ ਕੋਈ ਡਿਮਾਂਡ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ।ਰਿਸ਼ਤਾ ਜੋੜਨ ਦੇ ਚਾਹਵਾਨ 1-510-738-7975 ਜਾਂ 1-408-334-0198 ਤੇ ਫੋਨ ਕੀਤਾ ਜਾ ਸਕਦਾ ਹੈ। -1796

*****************

ਅਮਰੀਕਾ 'ਚ ਸਟੂਡੈਂਟ ਵੀਜ਼ੇ ਤੇ ਨਿਊਯਾਰਕ 'ਚ ਐਮ ਬੀ ਏ ਕਰ ਰਹੇ, ਪੰਜਾਬੀ, ਐਸ ਸੀ,ਕੱਦ 6'-1", ਉਮਰ 26 ਸਾਲ, ਹੈਂਡਸਮ, ਹਸਪਤਾਲ 'ਚ ਨਰਸਿੰਗ ਦੀ ਜੌਬ ਕਰ ਰਹੇ, ਨਸ਼ਿਆ ਤੋਂ ਰਹਿਤ, ਸਾਊ ਸੁਭਾਅ ਦੇ ਲੜਕੇ ਲਈ ਅਮਰੀਕਾ ਦੀ ਸ਼ਿਟੀਜਨ/ਪੀ ਆਰ/ਗਰੀਨ ਕਾਰਡ ਹੋਲਡਰ ਪੰਜਾਬੀ ਲੜਕੀ ਦੀ ਲੋੜ ਹੈ।ਲੜਕੇ ਦਾ ਪਰਿਵਾਰ ਕੈਲੇਫੋਰਨੀਆ 'ਚ ਪੂਰੀ ਤਰ੍ਹਾਂ ਸੈਟ ਹੈ। ਮੈਰਿਜ ਬਿਊਰੋ ਵਾਲੇ ਫੋਨ ਕਰਨ ਦੀ ਗਲਤੀ ਨਾ ਕਰਨ। ਹੋਰ ਵਧੇਰੇ ਪੁੱਛਗਿੱਛ ਲਈ 1-559-213-1966 ਤੇ ਕਾਲ ਕਰ ਸਕਦੇ ਹਨ। -1796

*****************

ਕੈਨੇਡਾ 'ਚ ਵੈਲ ਸੈਟਲਡ, ਜੱਟ ਸਿੱਖ, ਸੰਧੂ ਪਰਿਵਾਰ ਦੇ ਕੈਨੇਡਾ 'ਚ ਜੰਮਪਲ ਬੇਟਾ, ਉਮਰ 32 ਸਾਲ, ਕੱਦ 5'-9", ਪੜ੍ਹੇ ਲਿਖੇ, ਏਅਰ-ਪੋਰਟ ਦੇ ਮਕੈਨਿਕ ਦੀ ਵਧੀਆ ਜੌਬ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ ਦੀ ਜੰਮਪਲ ਜਾਂ ਸ਼ਿਟੀਜਨ, ਪੜ੍ਹੀ ਲਿਖੀ, ਸੋਹਣੀ ਸੁਨੱਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਪੰਜਾਬ 'ਚ ਦੁਆਬਾ ਇਲਾਕੇ ਤੇ ਕੈਨੇਡਾ 'ਚ ਬਰੈਂਪਟਨ ਇਲਾਕੇ ਨੂੰ ਪਹਿਲ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਰਿਸ਼ਤਾ ਜੋੜਨ ਦੇ ਚਾਹਵਾਨਾਂ ਲਈ ਫੋਨ: 647-993-9181 -1796

*****************

## ਵਰ ਦੀ ਲੋੜ

ਕੈਨੇਡੀਅਨ ਵੈਲ ਸੈਟਲਡ ਕਸ਼ਯਪ ਰਾਜਪੂਤ ਪਰਵਾਰ ਦੀ ਕੈਨੇਡੀਅਨ ਸਿਟੀਜ਼ਨ ਬੇਟੀ, ਉਮਰ 30 ਸਾਲ, ਕੱਦ 5'-6", ਬੀ ਐਸ ਸੀ ਡਿਗਰੀ ਹੋਲਡਰ, ਇਸ ਸਮੇਂ ਗੌਰਮੈਂਟ ਵਿੱਚ ਮੈਡੀਕਲ ਫੀਲਡ ਦੀ ਵਧੀਆ ਜੋਬ ਕਰ ਰਹੀ ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਲਈ ਕੈਨੇਡੀਅਨ ਸਿ-ਟੀਜ਼ਨ, ਪ੍ਰੋਫੈਸ਼ਨਲੀ ਕੁਆਲੀਫਾਈਡ ਤੇ ਇੰਪਲੌਯਡ ਜਾਂ ਬਿਜ਼ਨਸ ਕਰਦੇ, ਵੈਲ ਸੈਟਲਡ, ਨਸ਼ਿਆ ਤੋਂ ਰਹਿਤ, ਕਲੀਨਸ਼ੇਵ, ਹੈਂਡਸਮ ਲੜਕੇ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸਿਰਫ ਜੀ ਟੀ ਏ ਵਿੱਚ ਰਹਿੰਦੇ ਪਰਵਾਰ ਹੀ ਕਾਲ ਕਰਨ। ਮੈ-ਰਿਜ ਬਿਊਰੋ ਵਾਲੇ ਮੁਆਫ ਕਰਨ। ਆਪਣੀ ਫੋਟੋ ਤੇ ਬਾਇਓ ਡਾਟਾ ਵਟਸ ਅਪ ਤੇ ਭੇਜ ਕੇ ਸੰਪਰਕ ਕਰੋ: 289-889-1775 -1799

*****************

ਕੈਨੇਡਾ 'ਚ ਵਰਕ ਪਰਮਿਟ ਤੇ ਰਹਿੰਦੀ, ਪੀ ਆਰ ਅਪਲਾਈਡ ਸਟੇਟਸ, ਜੱਟ ਸਿੱਖ ਗਿੱਲ, ਉਮਰ 28 ਸਾਲ, ਕੱਦ 5'-6", ਬੀ ਐਸ ਸੀ ਨਰਸਿੰਗ, ਆਰ ਐਨ ਦੀ ਵਧੀਆ ਜੌਬ ਕਰ ਰਹੀ, ਸੁੰਦਰ-ਸੁਸ਼ੀਲ, ਪਰਿਵਾਰਕ ਲੜਕੀ ਲਈ ਕੈਨੇਡਾ ਤੋਂ ਸ਼ਿਟੀਜਨ/ਪੀ ਆਰ, ਹੈਂਡਸਮ, ਨਸ਼ਿਆ ਤੋਂ ਰਹਿਤ, ਪ੍ਰੋਫੈਸ਼ਨਲੀ ਕੁਆਲੀਫਾਈਡ, ਵੈਲ ਸੈਟਲਡ ਲੜਕੇ ਦੀ ਲੋੜ ਹੈ। ਮਾਲਵੇ, ਲੁਧਿਆਣੇ ਅਤੇ ਉਂਟਾਰਿਓ ਦੇ ਲੜਕੇ ਨੂੰ ਪਹਿਲ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਹੋਰ ਜਾਣਕਾਰੀ ਲਈ ਸੰਪਰਕ ਕਰੋ: 437-878-6088, 905-792-3149 -1799

*****************

**Canadian Jat Sikh parents seek a suitable match for their Canadian born & raised daughter, 31yrs. old, 5'9" tall, has Masters degree (M.SC.) having a very good job in IT (Computer Science) field with a reputed company. Boy should be Canadian born & raised, tall, well educated having atleast University degree, professionally employed. Hindu Punjabis will be considered. No marriage bureau please. Send biodata & recent pictures to whatsapp # 437-218-5748** -1799

*****************

ਕੈਨੇਡੀਅਨ ਪੀ ਆਰ, ਜੱਟ ਸਿੱਖ, ਸੰਧੂ, ਉਮਰ 31 ਸਾਲ, ਕੱਦ 5'-5", ਬੀ ਐਸ ਸੀ ਨਰਸਿੰਗ ਡਿਗਰੀ ਹੋਲਡਰ, ਆਪਣੇ ਹੀ ਫੀਲਡ 'ਚ ਵਧੀਆ ਜੌਬ ਕਰਦੀ ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਲਈ ਕੈਨੇਡਾ/ਅਮਰੀਕਾ ਤੋਂ ਪੜ੍ਹੇ ਲਿਖੇ, ਹੈਂਡਸਮ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ, ਘੱਟੋ ਘੱਟ 5'-11" ਲੰਮੇਂ, ਸ਼ਿਟੀਜਨ/ਪੀ ਆਰ ਲੜਕੇ ਦੀ ਲੋੜ ਹੈ। ਲੜਕੀ ਦਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਆਪਣੀ ਫੋਟੋ ਤੇ ਬਾਇਓ ਡਾਟਾ ਵਟਸ ਅਪ ਤੇ ਭੇਜ ਕੇ 1-236-514-9491 ਜਾਂ 1-778-706-8566 ਤੇ ਸੰਪਰਕ ਕਰੋ। -1798

*****************

ਕੈਨੇਡੀਅਨ ਜੰਮਪਲ, ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ-ਸੁਨੱਖੀ, ਉਮਰ 25 ਸਾਲ, ਕੱਦ 5'-7", ਬੀ ਐਸ ਸੀ, ਐਮ ਬੀ ਏ, ਡੌਕਰੇਟ ਡਿਗਰੀ ਐਗਜੈਕਟਿਵ ਮੈਨੇਜਮੈਂਟ ਫਾਰਮਾਸ਼ੂਟੀਕਲ ਕੰਪਨੀ ਵਿਚ ਫੁਲ ਟਾਈਮ ਜੌਬ ਕਰ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਜੰਮਪਲ, ਪ੍ਰੋਫੈਸ਼ਨਲੀ ਕੁਆਲੀਫਾਈਡ, ਵੈਲ ਸੈਟਲਡ, ਨਸ਼ਿਆ ਤੋਂ ਰਹਿਤ, ਸੋਹਣੇ ਸੁਨੱਖੇ, ਲੰਬੇ ਲੜਕੇ ਦੀ ਲੋੜ ਹੈ। ਉਨਟਾਰੀਓ ਰਹਿੰਦੇ ਲੜਕੇ ਨੂੰ ਪਹਿਲ। ਮੈਰਿਜ ਬਿਊਰੋ ਵਾਲੇ ਤੇ ਇੰਡੀਆ ਤੋਂ ਲੜਕੇ ਵਾਲੇ ਮੁਆਫ ਕਰਨ। ਰਿਸ਼ਤੇ ਦੀ ਗੱਲਬਾਤ ਕਰਨ ਲਈ ਫੋਨ: 647-991-6642 -1798

*****************

ਕੈਨੇਡੀਅਨ ਸ਼ਿਟੀਜਨ, ਜੱਟ ਸਿੱਖ, ਉਮਰ 39 ਸਾਲ, ਕੱਦ 5'-4", ਐਮ ਸੀ ਏ, ਆਪਣਾ ਵਧੀਆ ਕੰਮ ਕਰਦੀ, ਸੋਹਣੀ-ਸੁਨੱਖੀ, ਪਰਿਵਾਰਕ, ਤਲਾਕਸ਼ੁਦਾ (ਇਕ ਬੇਟੀ ਨਾਲ ਹੈ) ਲੜਕੀ ਲਈ ਕੈਨੇਡਾ ਤੋਂ ਵੈਲ ਸੈਟਲਡ, ਨਸ਼ਿਆ ਤੋਂ ਰਹਿਤ ਲੜਕੇ ਦੀ ਲੋੜ ਹੈ। ਵਰਕ ਪਰਮਿਟ ਜਾਂ ਕੈਨੇਡਾ ਆਏ ਜਾਂ ਤਲਾਕਸ਼ੁਦਾ, ਵਿਦੁਰ ਲੜਕੇ ਤੇ ਵੀ ਵਿਚਾਰ ਕੀਤੀ ਜਾਵੇਗੀ। ਉਨਟਾਰੀਓ ਨੂੰ ਪਹਿਲ। ਮੈਰਿਜ ਬਿਊਰੋ ਵਾਲੇ ਤੰਗ ਨਾ ਕਰਨ। ਹੋਰ ਪੁੱਛਗਿੱਛ ਲਈ ਸੰਪਰਕ ਕਰੋ: 437-997-0303 ਜਾਂ 647-620-3005 -1798

*****************

ਕੈਨੇਡੀਅਨ ਬੋਰਨ, ਜੱਟ ਸਿੱਖ, 1996 ਦੀ ਬੌਰਨ, ਕੱਦ 5'-4", ਨਰਸਿੰਗ ਦਾ ਕੋਰਸ ਕਰ ਰਹੀ, ਸੋ-ਹਣੀ-ਸੁਨੱਖੀ, ਪਰਿਵਾਰ ਨਾਲ ਰਹਿ ਰਹੀ ਲੜਕੀ ਲਈ ਜੱਟ ਸਿੱਖ, ਪੜ੍ਹਿਆ ਲਿਖਿਆ, ਨਸ਼ਿਆ ਤੋਂ ਰਹਿਤ, ਬ੍ਰਿਟਿਸ਼ ਕੁਲੰਬੀਆ ਸੂਬੇ ਵਿਚ ਰਹਿ ਰਹੇ ਜਾਂ ਮੂਵ ਹੋਣ ਦੇ ਚਾਹਵਾਨ ਲੜਕੇ ਦੀ ਲੋੜ ਹੈ। ਮੈਡੀਕਲ ਨਾਲ ਸਬੰਧਿਤ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ। ਹੋਰ ਰਿਸ਼ਤੇ ਸਬੰਧੀ ਜਾਣਕਾਰੀ ਹਾਸਿਲ ਕਰਨ ਲਈ 1-236-332-8167 ਤੇ ਫੋਨ ਕੀਤਾ ਜਾ ਸਕਦਾ ਹੈ। ਮੈਰਿਜ ਬਿਊਰੋ ਵਾਲੇ ਬਿਲਕੁਲ ਵੀ ਫੋਨ ਨਾ ਕਰਨ। -1798

*****************

ਕੈਨੇਡੀਅਨ ਸ਼ਿਟੀਜਨ,ਜੱਟ ਸਿੱਖ, 1988 ਬੌਰਨ, ਕੱਦ 5'-4", ਇੰਡੀਆ ਤੋਂ ਐਮ ਬੀ ਬੀ ਐਸ, ਅਮਰੀਕਾ ਦੇ ਯੂ ਐਸ ਐਮ ਐਲ ਈ ਦੇ ਪੇਪਰ ਕਲੀਅਰ ਤੇ ਦੋ ਸਾਲਾਂ 'ਚ ਜਰਨਲ ਸਰਜਨ ਰੈਜੀਡੈਂਸੀ ਕਲੀਅਰ ਕਰਕੇ ਕੈਨੇਡਾ 'ਚ ਫਿਜੀਸ਼ਨ ਅਸਿਸਟੈਂਟ ਦੀ ਵਧੀਆ ਜੌਬ ਕਰਦੀ, ਸੋਹਣੀ, ਪਰਿਵਾਰਕ, ਨੈਵਰ ਮੈਰਿਡ ਲੜਕੀ ਲਈ ਕੈਨੇਡਾ/ਅਮਰੀਕਾ ਤੋਂ ਡਾਕਟਰ/ਵਕੀਲ/ਇੰਜਨੀਅਰ, ਹੈਂਡਸਮ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ ਲੜਕੇ ਦੀ ਲੋੜ ਹੈ। ਮਾਲਵਾ ਅਤੇ ਅਮਰੀਕਾ ਨੂੰ ਪਹਿਲ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਰਿਸ਼ਤੇ ਦੀ ਗੱਲਬਾਤ ਕਰਨ ਲਈ 416-909-7507 ਜਾਂ ਫਿਰ ਇੰਡੀਆ 'ਚ +91-98158-37177 ਤੇ ਫੋਨ ਕੀਤਾ ਜਾ ਸਕਦਾ ਹੈ। -1798

*****************

ਕੈਨੇਡੀਅਨ ਪੀ ਆਰ, ਜੱਟ ਸਿੱਖ ਢਿਲੋਂ ਉਮਰ 30 ਸਾਲ, ਕੱਦ 5'-3", ਆਰ ਪੀ ਐਨ ਡਿਪਲੋਮਾ ਹੋਲਡਰ, ਆਰ ਐਨ ਡਿਗਰੀ ਦੇ ਆਖਰੀ ਸਮੈਸਟਰ ਵਿਚ ਪੜ੍ਹ ਰਹੀ ਆਰ ਪੀ ਐਨ ਦੀ ਵਧੀਆ ਜੌਬ ਕਰ ਰਹੀ ਸੋਹਣੀ, ਪਰਿਵਾਰਕ ਲੜਕੀ ਲਈ ਕੈਨੇਡਾ ਤੋਂ ਸ਼ਿਟੀਜਨ/ਪੀ ਆਰ ਪੜ੍ਹੇ ਲਿਖੇ, ਹੈਂਡਸਮ, ਨਸ਼ਿਆ ਤੋਂ ਰਹਿਤ, ਜ਼ਮੀਨ ਜਾਇਦਾਦ ਵਾਲੇ ਚੰਗੇ ਪਰਿਵਾਰ ਨਾਲ ਸਬੰਧਿਤ ਲੜਕੇ ਦੀ ਲੋੜ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਰਿਸ਼ਤਾ ਜੋੜਨ ਲਈ 647-887-7399 ਤੇ ਫੋਨ ਕੀਤਾ ਜਾ ਸਕਦਾ ਹੈ। -1797

*****************

ਕੈਨੇਡੀਅਨ ਜੰਮਪਲ ਰਾਮਗੜ੍ਹੀਆ ਸਿੱਖ, ਉਮਰ 31 ਸਾਲ, ਕੱਦ 5'-4", ਕੈਨੇਡਾ ਤੋਂ ਲਾਅ ਡਿਗਰੀ ਹੋਲਡਰ, ਆਪਣੀ ਲਾਅ ਦੀ ਪ੍ਰਕੈਟਿਸ ਕਰ ਰਹੀ, ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਲਈ ਕੈਨੇਡਾ ਜਾਂ ਅਮਰੀਕਾ ਤੋਂ ਡਾਕਟਰ/ਵਕੀਲ/ਚਾਰਟਿਡ ਅਕਾਊਂਟੈਂਟ ਜਾਂ ਵੈਲ ਸੈਟਲਡ ਬਿਜਨੈਸ ਔਨਰ, ਹੈਂਡਸਮ, ਨਸ਼ਿਆ ਤੋਂ ਰਹਿਤ, ਕਲੀਨਸ਼ੇਵਨ ਜੱਟ ਸਿੱਖ, ਖੱਤਰੀ, ਰਾਮਗੜ੍ਹੀਆ ਪਰਿਵਾਰ ਦੇ ਘੱਟੋ ਘੱਟ 5'-11" ਲੰਮੇਂ ਕੱਦ ਵਾਲੇ ਵਰ ਦੀ ਲੋੜ ਹੈ। ਲੜਕੀ ਦਾ ਪਰਿਵਾਰ ਵੈਲ ਸੈਟਲਡ ਹੈ। ਇੰਡੀਆ ਤੋਂ ਲੜਕੇ ਵਾਲੇ/ਟਰੱਕ ਡਰਾਈਵਰ ਤੇ ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਹੋਰ ਵਧੇਰੇ ਜਾਣਕਾਰੀ ਲਈ ਟਰਾਂਟੋ ਦੇ ਸਮੇਂ ਅਨੁਸਾਰ ਰਾਤ 9 ਵਜੇ ਤੋਂ ਪਹਿਲਾਂ 416-668-3741 ਤੇ ਸੰਪਰਕ ਕੀਤਾ ਜਾ ਸਕਦਾ ਹੈ। -1797

*****************

ਕੈਨੇਡੀਅਨ ਪੀ ਆਰ, ਜੱਟ ਸਿੱਖ, ਉਮਰ 33 ਸਾਲ, ਕੱਦ 5'-4", ਸੋਹਣੀ ਸੁਨੱਖੀ, ਪਰਿਵਾਰਕ ਐਮ ਬੀ ਏ, ਇਨਫਾਈਨੈਂਸ ਤੇ ਮਾਰਕੀਟਿੰਗ ਤੇ ਇਸ ਸਮੇਂ ਐਨਾਲਿਸਟ ਦੀ ਵਧੀਆ ਜੌਬ ਕਰਦੀ ਲੜਕੀ ਲਈ ਕੈਨੇਡਾ ਤੋਂ ਸ਼ਿਟੀਜਨ/ਪੀ ਆਰ, ਪੜ੍ਹੇ ਲਿਖੇ, ਹੈਂਡਸਮ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਹੋਰ ਵਧੇਰੇ ਜਾਣਕਾਰੀ ਲਈ 437-430-1333 ਜਾਂ ਫਿਰ 647-771-3130 ਤੇ ਫੋਨ ਕੀਤਾ ਜਾ ਸਕਦਾ ਹੈ। -1797

*****************

ਕੈਨੇਡਾ ਵਿਚ ਵਿਜ਼ਟਰ ਵੀਜ਼ੇ ਤੇ ਆਈ, ਜੱਟ ਸਿੱਖ ਢਿਲੋਂ, 1994 ਬੌਰਨ, ਕੱਦ 5'-9", ਗਰੈਜੂਏਟ, ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਲਈ ਕੈਨੇਡਾ ਤੋਂ ਸ਼ਿਟੀਜਨ/ਪੀ ਆਰ, ਨਸ਼ਿਆ ਤੋਂ ਰਹਿਤ ਲੜਕੇ ਦੀ ਲੋੜ ਹੈ। ਲੜਕੀ ਦਾ ਨਾਨਕਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਹੋਰ ਜਾਣਕਾਰੀ ਲਈ 437-235-1796 ਤੇ ਜਾਂ ਇੰਡੀਆ 'ਚ +91-83602-55280 ਤੇ ਫੋਨ ਕੀਤਾ ਜਾ ਸਕਦਾ ਹੈ। -1797

*****************

ਕੈਨੇਡੀਅਨ ਜੰਮਪਲ, ਜੱਟ ਸਿੱਖ, ਉਮਰ 27 ਸਾਲ, ਕੱਦ 5'-6", ਸੋਹਣੀ ਸੁਨੱਖੀ, ਪਰਿਵਾਰਕ, ਬਿਜ਼ਨਸ ਡਿਗਰੀ ਹੋਲਡਰ, ਐਨਾਲਿਸਟ ਦੀ ਬਹੁਤ ਵਧੀਆ ਜੌਬ ਕਰਦੀ ਲੜਕੀ ਲਈ ਕੈਨੇਡਾ ਤੋਂ ਜੰਮਪਲ ਜਾਂ ਸਿਟੀਜ਼ਨ, ਪ੍ਰੋਫੈਸ਼ਨਲੀ ਕੁਆਲੀਫਾਈਡ, ਹੈਂਡਸਮ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਪਰਿਵਾਰ ਵੈਲ ਸੈਟਲਡ ਹੈ। ਜੀ ਟੀ ਏ ਵਿਚ ਰਹਿੰਦੇ ਜਾਂ ਮੂਵ ਹੋਣ ਦੀ ਚਾਹਵਾਨ ਲੜਕੇ ਨੂੰ ਪਹਿਲ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਸੰਪਰਕ ਲਈ ਫੋਨ: 905-812-3972 -1797

*****************

ਕੈਨੇਡਾ ਦੀ ਜੰਮਪਲ, ਖੱਤਰੀ ਸਿੱਖ, ਉਮਰ 34 ਸਾਲ, ਕੱਦ 5'-4", ਹਿਊਮਨ ਰੀਸੋਰਸਜ਼ ਡਿ-ਗਰੀ ਹੋਲਡਰ, ਆਈ ਟੀ ਕੰਪਨੀ ਵਧੀਆ ਜੌਬ ਕਰਦੀ, ਸੋਹਣੀ ਸੁਨੱਖੀ ਪਰਿਵਾਰਕ ਲੜਕੀ ਲਈ ਪ੍ਰੋਫੈਸ਼ਨਲ ਕੁਆਲੀਫਾਈਡ ਤੇ ਇੰਮਪਾਇਡ, ਨਸ਼ਿਆ ਤੋਂ ਰਹਿਤ, ਹੈਂਡਸਮ, ਵੈਲ ਸੈਟਲਡ, ਕੈਨੇਡਾ ਦੇ ਸ਼ਿਟੀਜਨ ਜਾਂ ਪੀ ਆਰ ਲੜਕੇ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਲੜਕੀ ਦਾ ਪਰਿਵਾਰ ਵੈਲ ਸੈਟਲਡ ਹੈ। ਮੈਰਿਜ ਬਿਊਰੋ ਵਾਲੇ ਕਾਲ ਨਾ ਕਰਨ। ਗਰੇਟਰ ਟਰਾਂਟੋ ਇਲਾਕੇ ਦੇ ਰਹਿਣ ਵਾਲਿਆਂ ਨੂੰ ਪਹਿਲ। ਹੋਰ ਵਧੇਰੇ ਜਾਣਕਾਰੀ ਲੈਣ ਲਈ 437-788-1869 ਤੇ ਫੋਨ ਕੀਤਾ ਜਾ ਸਕਦਾ ਹੈ। -1796

*****************

ਕੈਨੇਡੀਅਨ ਪੀ ਆਰ, ਟੌਂਕ ਕਸ਼ੱਤਰੀ, ਕੈਂਥ, 1988 ਦੀ ਬੌਰਨ, ਕੱਦ 5'-7", ਸੋਹਣੀ-ਸੁਨੱਖੀ, ਪਰਿਵਾਰਕ, ਪੜ੍ਹੀ ਲਿਖੀ, ਵਧੀਆ ਜੌਬ ਕਰਦੀ ਤੇ ਇਕ 10 ਸਾਲ ਬੇਟੀ ਨਾਲ ਰਹਿੰਦੀ, ਤਲਾਕਸ਼ੁਦਾ ਲੜਕੀ ਲਈ ਕੈਨੇਡਾ, ਸ਼ਿਟੀਜਨ, ਪੀ ਆਰ ਤੇ ਪੜ੍ਹੇ ਲਿਖੇ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ ਲੜਕੇ ਦੀ ਲੋੜ ਹੈ। ਤਲਾਕਸ਼ੁਦਾ ਤੇ ਵੀ ਵਿਚਾਰ ਕੀਤਾ ਜਾਵੇਗਾ। ਲੜਕੀ ਦਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ। ਮੈਰਿਜ ਬਿਊਰੋ ਵਾਲੇ ਬਿਲਕੁਲ ਫੋਨ ਨਾ ਕਰਨ। ਰਿਸ਼ਤਾ ਜੋੜਨ ਦੇ ਚਾਹਵਾਨ ਕੈਨੇਡਾ 'ਚ 416-666-2629 ਜਾਂ 647-629-1098 ਤੇ ਫੋਨ ਕੀਤਾ ਜਾ ਸਕਦਾ ਹੈ। -1796

*****************

ਅਮਰੀਕਨ ਸ਼ਿਟੀਜਨ, ਜੱਟ ਸਿੱਖ ਧਾਲੀਵਾਲ, ਅਕਤੂਬਰ 1993 ਦੀ ਬੋਰਨ, ਕੱਦ 5'-9",ਮੈਡੀਕਲ ਫੀਲਡ ਦੀ ਵਧੀਆ ਜੌਬ ਕਰਦੀ, ਸੋਹਣੀ ਸੁਨੱਖੀ, ਅਮਰੀਕਾ 'ਚ ਵੈਲ ਸੈਟਲਡ ਪਰਿਵਾਰ ਦੀ ਵੈਸ਼ਨੂੰ ਲੜਕੀ ਲਈ ਅਮਰੀਕਾ ਤੋਂ ਵੈਲ ਐਜੂਕੇਟਿਡ ਜੱਟ ਸਿੱਖ, ਹੈਂਡਸਮ, ਨਸ਼ਿਆ ਤੋਂ ਰਹਿਤ, ਵੈਸ਼ਨੂੰ ਲੜਕੇ ਦੀ ਲੋੜ ਹੈ। ਸਿਆਟਲ 'ਚ ਰਹਿੰਦੇ ਜਾਂ ਮੂਵ ਹੋਣ ਦੇ ਚਾਹਵਾਨ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ। ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਤੇ ਵੀ ਅਮਰੀਕਾ 'ਚ ਆਏ ਲੜਕੇ ਤੇ ਵੀ ਵਿਚਾਰ ਕੀਤੀ ਜਾਵੇਗੀ। ਆਪਣੀ ਫੋਟੋ ਤੇ ਬਾਇਓ ਡਾਟਾ ਵਟਸ ਐਪ ਤੇ ਭੇਜੋ ਤੇ ਸੰਪਰਕ ਕਰੋ: +91-70873-46636, 1-253-881-9863 ਤੇ ਭੇਜ ਸਕਦੇ ਹੋ। -1796

*****************

ਕੈਨੇਡੀਅਨ ਜੰਮਪਲ, ਜੱਟ ਸਿੱਖ, ਉਮਰ 36 ਸਾਲ, ਕੱਦ 5'-5", ਨੈਵਰ ਮੈਰਿਡ, ਸੋਹਣੀ ਸੁਨੱਖੀ, ਪਰਿਵਾਰਕ, ਮਾਸਟਰਜ਼ਨ ਇਨ ਪਬਲਿਕ ਹੈਲਥ, ਹੈਲਥ ਸੈਕਟਰ ਵਿਚ ਬਹੁਤ ਵਧੀਆ ਜੌਬ ਕਰਦੀ ਲੜਕੀ ਲਈ ਕੈਨੇਡਾ ਤੋਂ ਜੰਮਪਲ ਜਾਂ ਛੋਟੇ ਹੁੰਦੇ ਆਏ ਪ੍ਰੋਫੈਸ਼ਨਲੀ ਕੁਆਲੀਫਾਈਡ, ਹੈਂਡਸਮ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ, ਨੈਵਰ ਮੈਰਿਡ ਲੜਕੇ ਦੀ ਲੋੜ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਹੋਰ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 1-236-888-1446 -1796

*****************

ਅਮਰੀਕਾ ਦੀ ਜੰਮਪਲ, ਜੱਟ ਸਿੱਖ, 1991 ਬੌਰਨ, ਕੱਦ 5'-2", ਪੀ ਐਚ ਡੀ ਪ੍ਰੋਫੈਸ਼ਰ ਇਨ ਸਟੇਟ ਆਫ ਕੈਲੇਫੋਰਨੀਆ ਯੂਨੀਵਰਸਿਟੀ, ਸੋਹਣੀ-ਸੁਨੱਖੀ, ਪਰਿਵਾਰਕ, ਨੈਵਰ ਮੈਰਿਜ, ਆਪਣੇ ਘਰ ਦੀ ਮਾਲਕ ਲੜਕੀ ਲਈ ਅਮਰੀਕਾ ਤੋਂ ਸ਼ਿਟੀਜਨ ਜਾਂ ਗਰੀਨ ਕਾਰਡ ਹੋਲਡਰ, ਬਰਾਬਰ ਦੀ ਯੋਗਤਾ ਵਾਲੇ ਪ੍ਰੋਫੈਸ਼ਨਲੀ ਇੰਮਪਾਇਡ, ਹੈਂਡਸਮ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ ਲੜਕੇ ਦੀ ਲੋੜ ਹੈ। ਲੁਧਿਆਣਾ ਏਰੀਏ ਦੇ ਅਤੇ ਕੈਲੇਫੋਰਨੀਆ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਹੋਰ ਵਧੇਰੇ ਪੁੱਛਗਿੱਛ ਲਈ ਸੰਪਰਕ ਕਰੋ: 1-559-646-4040 -1796

*****************

ਅਮਰੀਕਾ ਵਿਚ ਵੈਲ ਸੈਟਲਡ, ਰਾਮਗੜ੍ਹੀਆ ਸਿੱਖ ਪਰਿਵਾਰ ਦੀ ਅਮਰੀਕਨ ਜੰਮਪਲ ਬੇਟੀ, ਉਮਰ 33 ਸਾਲ, ਕੱਦ 5'-5" ਐਮ ਬੀ ਏ ਮਾਸਟਰ ਡਿ-ਗਰੀ ਹੋਲਡਰ, ਗੌਰਮਿੰਟ ਟੀਚਰ ਦ ਵਧੀਆ ਜੌਬ ਕਰਦੀ ਸੋਹਣੀ-ਪਰਿਵਾਰਕ, ਸ਼ੁੱਧ ਵੈਸ਼ਨੂੰ ਲੜਕੀ ਲਈ ਅਮਰੀਕਾ ਤੋਂ ਜੰਮਪਲ/ਸ਼ਿਟੀਜਨ/ਪ੍ਰੋਫੈਸ਼ਨਲੀ ਕੁਆਲੀਫਾਈਡ, ਹੈਂਡਸਮ, ਨਸ਼ਿਆ ਤੋਂ ਰਹਿਤ, ਵੈਸ਼ਨੂੰ ਪਰਿਵਾਰਕ ਕਦਰਾਂ ਕੀਮਤਾਂ ਨੂੰ ਸਮਝਣ ਵਾਲੇ ਲੜਕੇ ਦੀ ਲੋੜ ਹੈ। ਕੈਨੇਡਾ ਤੋਂ ਅਮਰੀਕਾ ਮੂਵ ਹੋਣ ਦੇ ਚਾਹਵਾਨ ਅਤੇ ਕੈਲੇਫੋਰਨੀਆ ਰਹਿੰਦੇ ਜਾਂ ਮੂਵ ਹੋਣ ਦੇ ਚਾਹਵਾਨ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਭੁੱਲ ਕੇ ਵੀ ਫੋਨ ਨਾ ਕਰਨ। ਰਿਸ਼ਤਾ ਜੋੜਨ ਸਬੰਧੀ 1-747-265-2284 ਤੇ ਫੋਨ ਕੀਤਾ ਜਾ ਸਕਦਾ ਹੈ। -1796

*****************